# ਅੰਮ੍ਰਿਤ ਕੀਰਤਨ

ਨਵੰਬਰ 2002

# *Amrit Kirtan*




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 11 ♦ ਸਾਲ ਚੌਦਵਾਂ ♦ ਨਵੰਬਰ 2002



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਣ
ਐਮ.ਏ., ਪੀ.ਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | *ਪਾਠਕਾਂ ਦੇ ਪੱਤਰ* |
| ਗੁਰੂ ਅਤੇ ਗੁਰ | 3 | *ਸੰਪਾਦਕੀ* |
| ਜੋ ਹੋਆ ਹੋਵਤ ਸੋ ਜਾਨੈ | 4 | ਕਰਤਾਰ ਸਿੰਘ ਨੀਲਧਾਰੀ |
| ਸਿੱਖ ਧਰਮ ਵਿੱਚ ਕੀਰਤਨ ਦਾ ਮਹੱਤਵ | 7 | ਡਾ. ਮਨਮੋਹਨ ਸਿੰਘ |
| ਗੁਰਮਤਿ ਸੰਗੀਤ ਦੀ ਕਰਤਾਰੀ ਕਲਾ ਦੇ ਉਸਤਾਦ.. | 9 | ਡਾ. ਗੁਰਮੀਤ ਸਿੰਘ ਬੈਦਵਾਣ |
| ਪੰਜਾਂ, ਪਹਾੜ ਤੇ ਚਸ਼ਮਾ | 10 | ਮਨਮੋਹਨ ਸਿੰਘ ਦਾਊਂ |
| ਕੀਰਤਨ | 12 | ਬਹਾਦਰ ਸਿੰਘ ਸੇਠੀ |
| पंजाब की सांस्कृतिक विरासत "संगीत" | 14 | अनीता खन्ना |
| Is Indian Classical Music Dying | 22 | Mohan Nadkarni |
| ਸੁਰ ਲਿਪੀਆਂ | 25 | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 27 | ਮਨਮੋਹਨ ਸਿੰਘ |



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
▲ Donations are eligible for relief u/s 80 G of Income-Tax Act, 1961
vide CIT/ CHD/ Tech./ 80-G/ 911 dated 23/05/2002 valid upto 31/03/2004



ਚੰਦੇ ਦਾ ਵੇਰਵਾ :
▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ 1500 ਰੁ.
▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 391443

## ਮਿਤ੍ਰ ਅਸਾਡੜੇ ਸੇਈ

♦ 'ਅੰਮ੍ਰਿਤ ਕੀਰਤਨ' ਮੈਗਜ਼ੀਨ ਮਿਲਿਆ ਹੈ ਅਤਿਅੰਤ ਖੁਸ਼ੀ ਹੈ ਕਿ ਇਸ ਧਰਤੀ 'ਤੇ ਸਿੱਖੀ ਸਿਦਕ ਵਾਲੇ ਪ੍ਰਾਣੀ ਮੌਜੂਦ ਹਨ। ਅਜੋਕੀ ਦੁਨੀਆਂ ਮਾਇਆ ਦੀ ਹੋੜ ਵਿਚ ਇਤਨੀ ਲਿਪਤ ਹੈ ਕਿ ਰੂਹਾਨੀ ਖੁਰਾਕ ਲਈ ਨਾ ਤੇ ਲੋਕਾਂ ਪਾਸ ਰੁਚੀ ਹੈ, ਨਾ ਹੀ ਸਮਾਂ ਤੇ ਚਾਹ। ਅੱਜ ਦਾ ਪ੍ਰਾਣੀ ਹਨੇਰੇ ਵਿਚ ਰਹਿਣਾ ਪਸੰਦ ਕਰਦਾ ਹੈ। ਗਿਆਨ ਰੂਪੀ ਸੋਝੀ ਜਾਂ ਉਜਾਲਾ ਮਨੁੱਖੀ ਬੁੱਧੀ ਤੋਂ ਦੂਰ ਹੁੰਦਾ ਜਾ ਰਿਹਾ ਹੈ।

*- ਬਹਾਦਰ ਸਿੰਘ ਸੇਠੀ, 369, ਪ੍ਰਧਾਨ ਮਾਰਗ, ਨਿਰੰਕਾਰੀ ਕਲੋਨੀ, ਨਵੀਂ ਦਿੱਲੀ 110 009*

♦ 'ਅੰਮ੍ਰਿਤ ਕੀਰਤਨ' ਅਕਤੂਬਰ 2002 ਪ੍ਰਾਪਤ ਹੋਇਆ। ਇਸ ਸੁਗਾਤ ਲਈ ਸ਼ੁਕਰੀਆ। 'ਕਰਉ ਬੇਨੰਤੀਆ' ਹੁਣੇ ਪੜ੍ਹਕੇ ਹਟਿਆ ਹਾਂ। ਐਕਸੀਡੈਂਟ ਬਾਰੇ ਜਾਣ ਕੇ ਦੁੱਖ ਹੋਇਆ। ਅਰਦਾਸ ਹੈ, ਤੁਸੀਂ ਛੇਤੀ ਠੀਕ ਹੋਵੋ। ਨਿੱਜੀ ਲਾਇਬ੍ਰੇਰੀ ਵਿਚ ਪਈਆਂ ਅਣ-ਪੜ੍ਹੀਆਂ ਪੁਸਤਕਾਂ ਦੇਖ ਕੇ ਨਮੋਸ਼ੀ ਵਾਲੀ ਗਲ ਮੇਰੇ ਨਾਲ ਸਾਂਝੀ ਹੈ। ਕਈ ਪੜ੍ਹਨ ਯੋਗ ਪੁਸਤਕਾਂ ਅਣਗਿਹਲੀ ਕਾਰਨ ਪੜ੍ਹਨੋਂ ਰਹਿ ਜਾਂਦੀਆਂ ਹਨ। ਪ੍ਰਿੰ. ਸਤਿਬੀਰ ਸਿੰਘ, ਸ੍ਰ. ਬਲਵਿੰਦਰ ਸਿੰਘ, ਗਗਨ ਪਾਕਿਸਤਾਨੀ ਤਾਰਨ ਗੁਜਰਾਲ ਦਾ ਜ਼ਿਕਰ ਚੰਗਾ ਲੱਗਾ।

*- ਪਿਆਰਾ ਸਿੰਘ ਭੋਗਲ, 628, ਗਰੀਨ ਮਾਡਲ ਟਾਊਨ, ਜਲੰਧਰ*

♦ ਆਪ ਜੀ ਵਲੋਂ ਭੇਜਿਆ 'ਅੰਮ੍ਰਿਤ ਕੀਰਤਨ' ਦਾ ਸਤੰਬਰ ਅੰਕ ਮਿਲਿਆ। ਪੜ੍ਹਿਆ, ਬਹੁਤ ਹੀ ਗਿਆਨ ਭਰਪੂਰ ਹੈ। ਬੁਧੀਮਾਨ ਲੇਖਕਾਂ ਦੀਆਂ ਲਿਖਤਾਂ ਇਕ ਤੋਂ ਵਧਕੇ ਇਕ ਸਲਾਉਣ ਯੋਗ ਹਨ। ਸਮਾਂ ਕੱਢਕੇ ਇਸ ਮਹਾਂ ਕੁੰਭ ਵਿਚ ਕੁਝ ਸ਼ਬਦਾਂ ਦੀ ਸਾਂਝ ਪਾਉਣ ਦੀ ਜ਼ਰੂਰ ਹੀ ਕੋਸ਼ਿਸ਼ ਕਰਾਂਗਾ।

*- ਲਾਲ ਸਿੰਘ ਕਲਸੀ, 88, ਆਦਰਸ਼ ਨਗਰ, ਫਰੀਦਕੋਟ*

♦ ਅਕਤੂਬਰ ਦਾ 'ਅੰਮ੍ਰਿਤ ਕੀਰਤਨ' ਮਿਲਿਆ। ਪ੍ਰਕਾਸ਼ਿਤ ਸਮੱਗਰੀ ਬਹੁਤ ਹੀ ਕਾਬਲੇ ਤਾਰੀਫ ਸੀ। ਢਾਡੀ ਰਾਗ ਬਾਰੇ ਕੋਈ ਨਾ ਕੋਈ ਲੇਖ ਜ਼ਰੂਰ ਛਾਪਿਆ ਕਰੋ।

*- ਪ੍ਰੋ. ਮੰਗਤ ਸਿੰਘ ਮਸਤਾਨਾ, ਅਸ਼ੋਕ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ ਮਲੋਟ*

♦ Please find enclosed herewith a cheque for Rs. 2000 as a humble contribution towards the beautiful and extremely useful and educative periodical 'Amrit Kirtan', which is serving the cause of Gurbani Kirtan highly academically but in a very simple and easily understandable manner. Thanks a million please!

My hearties congratulations to the Hony. Editor-in-Chief Dr. Jagir Singh Jee for all this painstaking service to the whole Sikh Panth and others also.

*- **Dr. Tej Pal Singh Chawala**, # 1363, Sector: 40-B, Chandigarh*

A humble sign of our appreciation in the form of the enclosed demand draft for Rs. 1500 only, is being sent. Please accept it and make us grateful,

The magazine 'Amrit Kirtan' must not be stopped. In case it has to cease publication, it will be a misfortune. It always complies information which is not available elsewhere.

I have been working in 'The Sikh Review' for 14 years, and I can imagine the type of difficulties you must be facing. Pray, Satguru bestow enough good sense on our people to realize the significance of such periodicals.

*- **Ranjodh Singh**, # 55-FF, Saraswati Vihar, Jalandhar - 144 008*

# ਕਰਉ ਬੇਨੰਤੀਆ

## *ਗੁਰੂ ਅਤੇ ਗੁਰ*

ਗੁਰੂ ਅਤੇ ਚੇਲੇ ਸਬੰਧੀ ਦੋ ਕਥਾਵਾਂ ਹਮੇਸ਼ਾ ਮੈਨੂੰ ਸੰਮੋਹਿਤ ਕਰਦੀਆਂ ਰਹੀਆਂ ਹਨ। ਪਹਿਲੀ ਏਕਲਵਿਆ ਵਾਲੀ ਕਥਾ: *ਏਕਲਵਿਆ ਜਾਤ ਦਾ ਭੀਲ ਸੀ। ਉਸ ਦੀ ਤੀਰ ਕਮਾਨ ਸਿੱਖਣ-ਵਿਚ ਰੁਚੀ ਸੀ। ਉਹ ਦ੍ਰੋਣਾਚਾਰੀਆ ਨੂੰ ਗੁਰੂ ਧਾਰਨਾ ਚਾਹੁੰਦਾ ਸੀ। ਪਰ ਦ੍ਰੋਣਾਚਾਰੀਆ ਕੇਵਲ ਕੌਰਵਾਂ ਪਾਂਡਵਾਂ ਨੂੰ ਹੀ ਸਿਖਾਉਂਦਾ ਸੀ। ਮਾਂ ਦੇ ਉਪਦੇਸ਼ ਕਾਰਨ ਉਸ ਨੇ ਦ੍ਰੋਣਾਚਾਰੀਆ ਦੀ ਮੂਰਤੀ ਨੂੰ ਗੁਰੂ ਮੰਨ ਕੇ ਤੀਰ ਚਲਾਉਣ ਦਾ ਅਭਿਆਸ ਕੀਤਾ ਤੇ ਕਾਮਯਾਬੀ ਹਾਸਲ ਕੀਤੀ।*

ਇਸੇ ਤਰ੍ਹਾਂ ਦੀ ਦੂਜੀ ਕਥਾ ਭਗਤ ਕਬੀਰ ਜੀ ਦੀ ਹੈ: *ਭਗਤ ਜੀ ਰਾਮਾਨੰਦ ਨੂੰ ਗੁਰੂ ਧਾਰਨਾ ਚਾਹੁੰਦੇ ਸਨ। ਪਰ ਉਹ ਸ਼ੂਦਰਾਂ ਨੂੰ ਆਪਣਾ ਚੇਲਾ ਨਹੀਂ ਸੀ ਬਣਾਉਂਦੇ। ਭਗਤ ਕਬੀਰ ਮੂੰਹ ਹਨੇਰੇ ਰਾਮਾਨੰਦ ਦੇ ਰਾਹ ਵਿਚ ਲੇਟ ਗਿਆ। ਰਾਮਾਨੰਦ ਨੂੰ ਕਬੀਰ ਦੇ ਸਰੀਰ ਦੀ ਠੋਕਰ ਲੱਗੀ ਤਾਂ ਸੁਭਾਵਕ ਹੀ ਮੂੰਹੋਂ ਨਿਕਲਿਆ 'ਉਠੋ ਰਾਮ ਕੇ, ਰਾਮ ਭਜੋ। ਕਬੀਰ ਨੇ ਇਸ ਨੂੰ ਗੁਰ ਮੰਤਰ ਮੰਨ ਲਿਆ ਤੇ ਵੱਡਾ ਭਗਤ ਬਣ ਗਿਆ।*

ਮੈਨੂੰ ਵੀ ਇੰਜ ਲਗਦਾ ਰਿਹਾ ਹੈ ਕਿ ਮੈਂ ਹਰ ਇਕ ਕੋਲੋਂ ਕੁਝ ਨਾ ਕੁਝ ਸਿੱਖ ਸਕਦਾ ਹਾਂ। ਇਸ ਲਈ ਮੇਰੀ ਰੁਚੀ ਮਨੁੱਖਾਂ ਅਤੇ ਪੁਸਤਕਾਂ ਵਿਚ ਕੁਝ ਖਾਸ ਤਰ੍ਹਾਂ ਦੀ ਰਹੀ ਹੈ। ਮੇਰੇ ਅਧਿਆਤਮਿਕ ਗੁਰੂ ਤਾਂ ਗੁਰੂ ਗ੍ਰੰਥ ਸਾਹਿਬ ਹੀ ਹਨ। ਪਰ ਨਿਤ ਦੇ ਜੀਵਨ ਵਿਚ ਮੈਨੂੰ ਜੀਊਣ ਦੇ ਢੰਗ ਤਰੀਕੇ ਸਿੱਖਣ ਲਈ ਬੜੇ ਗੁਰੂ ਧਾਰਨੇ ਪਏ ਹਨ। ਮੇਰੇ ਵਿਚਲੀ ਹਉਮੈਂ ਤਾਂ ਜਦੋਂ ਮੈਂ ਅੱਠਵੀਂ ਵਿਚ ਪੜ੍ਹਦਾ ਸਾਂ ਉਹ ਕਾਫੀ ਹੱਦ ਤੱਕ ਖਤਮ ਹੋ ਚੁੱਕੀ ਸੀ। ਮੈਂ ਪੜ੍ਹਾਈ ਵਿਚ ਬੜਾ ਕਮਜ਼ੋਰ ਸੀ। ਮਸਾਂ ਪਾਸ ਹੋਇਆ ਸੀ। ਮੇਰੇ ਚਾਚਾ ਜੀ ਅਮਰੀਕ ਸਿੰਘ ਜੀ ਮੇਰੀ ਪੜ੍ਹਨ ਵਿਚ ਮਦਦ ਕਰਦੇ ਸਨ। ਪਰ ਉਹਨਾਂ ਦੀਆਂ ਆਪਣੀਆਂ ਹੀ ਮਜ਼ਬੂਰੀਆਂ ਸਨ ਤੇ ਕੁਝ ਮੇਰੀ ਲਾਪ੍ਰਵਾਹੀ। ਮੇਰੇ ਵਿਚ ਔਗੁਣ ਹੈ ਮੇਰੀ ਰੁਚੀ ਕਦੀ ਅੱਵਲ ਰਹਿਣ ਵਿਚ ਨਹੀਂ ਰਹੀ। ਹਾਂ ਚਲਦੇ ਰਹਿਣ ਦਾ ਚਾਅ ਰਿਹਾ ਹੈ। ਇਹ ਭਰੋਸਾ ਵੀ ਰਿਹਾ ਹੈ ਕਦੀ ਨਾ ਕਦੀ ਜ਼ਰੂਰ ਮੰਜ਼ਲ 'ਤੇ ਪਹੁੰਚ ਜਾਵਾਂਗਾ। ਇਸ ਕਰਕੇ ਇਕ ਸਮੇਂ ਕਈ ਕਈ ਪ੍ਰੋਜੈਕਟ ਜਾਰੀ ਰੱਖਦਾ ਹਾਂ। ਉਨ੍ਹਾਂ ਵਿਚ ਥੋੜਾ ਕੰਮ ਕਰੀ ਜਾਂਦਾ ਹਾਂ ਕਦੀ ਨਾ ਕਦੀ ਖਤਮ ਹੋ ਜਾਂਦੇ ਹਨ। ਇਸ ਕਰਕੇ ਮੈਨੂੰ ਕਈ ਕਈ ਗੁਰੂਆਂ ਪਾਸੋਂ ਗੁਰ ਸਿਖਣੇ ਪੈਂਦੇ ਹਨ।

ਜਦੋਂ 9ਵੀਂ ਸ਼੍ਰੇਣੀ ਵਿਚ ਦਾਖਲ ਹੋਇਆ ਤਾਂ ਮੈਂ ਪੜ੍ਹਨ ਵਿਚ ਬਹੁਤ ਕਮਜ਼ੋਰ ਸਾਂ। ਇਹ ਕਮਜ਼ੋਰੀ ਕੇਵਲ ਸਿਲੇਬਸ ਦੀ ਪੜ੍ਹਾਈ ਵਾਲੀ ਸੀ। ਉਂਜ ਸਿਲੇਬਸ ਤੋਂ ਬਾਹਰਲੀਆਂ ਪੁਸਤਕਾਂ ਬਹੁਤ ਪੜ੍ਹਦਾ ਸਾਂ। ਇਸ ਸਮੇਂ ਮੇਰੀ ਦੋਸਤੀ ਕਲਾਸ ਦੇ ਦੋ ਹੁਸ਼ਿਆਰ ਵਿਦਿਆਰਥੀਆਂ ਨਾਲ ਪੈ ਗਈ। ਹਰਜੋਤ ਸਿੰਘ ਮਕੜ ਅਤੇ ਕਰਤਾਰ ਸਿੰਘ। ਇਨ੍ਹਾਂ ਨਾਲ ਰਹਿ ਕੇ ਸਕੂਲ ਦੀ ਪੜ੍ਹਾਈ ਕਰਨ ਦੇ ਗੁਰ, ਲਿਖਾਈ ਸੁਧਾਰਨ ਤੇ ਗੁਰ ਸਿੱਖੇ। ਇਸ ਸਬੰਧ ਵਿਚ ਮੈਂ ਇਨ੍ਹਾਂ ਨੂੰ ਆਪਣਾ ਗੁਰੂ ਮੰਨਦਾ ਹਾਂ। ਪੜ੍ਹਾਈ ਕਰਨ ਦੇ ਮਾਮਲੇ ਵਿਚ ਡਾ. ਗੁਰਮੁਖ ਸਿੰਘ, ਭਾਸ਼ਾ ਵਿਭਾਗ ਨੇ ਮੈਨੂੰ ਕਿਤਾਬਾਂ ਉਤੇ ਕਵਰ ਚੜ੍ਹਾਉਣ ਤੋਂ ਲੈ ਕੇ ਛਪਵਾਉਣ ਤੱਕ ਦੀ ਜਾਣਕਾਰੀ ਦਿੱਤੀ। ਉਸ ਨਾਲ ਰਹਿ ਕੇ ਜੀਵਨ ਦੀਆਂ ਅਨੇਕਾਂ ਅੜਾਉਣੀਆਂ ਨੂੰ ਹੱਲ ਕਰਨਾ ਸਿੱਖਿਆ। ਇਸ ਤੋਂ ਬਾਅਦ ਇਕ ਸਮਾਂ ਐਸਾ ਆਇਆ ਕਿ ਮੈਨੂੰ ਹਰ ਪੁਸਤਕ ਅਤੇ ਹਰ ਸਖਸ਼ ਆਪਣਾ ਗੁਰੂ ਜਾਪਣ ਲਗ ਗਿਆ, ਕਿਉਂਕਿ ਹਰ ਇਕ ਕੋਲ ਕੋਈ ਨਾ ਕੋਈ ਐਸਾ ਗੁਰ ਹੁੰਦਾ ਹੈ ਜਿਸ ਨੂੰ ਮੈਂ ਸਿੱਖਣਾ ਚਾਹੁੰਦਾ ਸਾਂ। ਮੈਂ ਆਪਣੇ ਪਿਤਾ ਜੀ ਤੋਂ ਇਲਾਵਾ ਬਹੁਤ ਸਾਰੀ ਕੀਤਰਨੀਆਂ ਨਾਲ ਸਹਾਇਕ ਦੇ ਤੌਰ 'ਤੇ ਕੀਰਤਨ ਕਰਦਾ ਰਿਹਾ ਹਾਂ। ਜਿਵੇਂ ਭਾਈ ਬਖਸ਼ੀਸ਼ ਸਿੰਘ, ਭਾਈ ਹਰਨਾਮ ਸਿੰਘ ਜ਼ਖਮੀ, ਭਾਈ ਬਾਵਾ ਸਿੰਘ, ਭਾਈ ਕਰਤਾਰ ਸਿੰਘ ਬਾਵਾ, ਪ੍ਰੋ. ਕ੍ਰਿਸ਼ਨ ਸਿੰਘ, ਭਾਈ ਕਿਰਪਾਲ ਸਿੰਘ, ਭਾਈ ਕਰਮ ਸਿੰਘ ਆਦਿ। ਇਨ੍ਹਾਂ ਸਾਰਿਆਂ ਕੋਲੋਂ ਵੀ ਮੈਂ ਕੁਝ ਨਾ ਕੁਝ ਸਿੱਖਿਆ ਹੈ। ਤ੍ਰਿਲੋਕ ਸਿੰਘ ਤਬਲੇ ਵਾਲੇ ਪਾਸੋਂ ਹਰਮੋਨੀਅਮ ਦੀਆਂ ਸੁਰਾਂ ਦਾ ਰਿਆਜ਼, ਮੋਹਨ ਸਿੰਘ ਘਾਇਲ, ਸੁਰਜੀਤ ਸਿੰਘ ਫੱਕਰ, ਭਾਈ ਸੁੱਚਾ ਸਿੰਘ ਪਾਸੋਂ ਤਬਲੇ ਦੇ ਗੁਰ ਸਿੱਖੇ। ਇਹ ਬੜੀ ਲੰਬੀ ਸੂਚੀ ਹੈ। ਜੀਵਨ ਜਾਚ ਅਤੇ ਪ੍ਰੇਰਨਾ ਦੇਣ ਵਾਲੀਆਂ ਪੁਸਤਕਾਂ ਖਰੀਦਣ ਦਾ ਤਾਂ ਮੈਨੂੰ ਜਨੂੰਨ ਹੀ ਹੈ। ਇੱਥੇ ਆ ਕੇ ਮੈਨੂੰ ਕੁਝ ਕਹਾਵਤਾਂ ਦੇ ਅਰਥ ਹੋਰ ਵਿਸ਼ਾਲ ਜਾਪੇ ਗੁਰੂ ਬਿਨਾ ਗਤ ਨਹੀਂ। ਮੈਨੂੰ ਜਾਪਦਾ ਹੈ ਜੇ ਅਸੀਂ ਆਪਣੀ ਰੁਚੀ ਹਰ ਵੇਲੇ ਸਿਖਾਂਦਰੂ ਵਾਲੀ ਨਹੀਂ ਰੱਖਦੇ ਤਾਂ ਇਸ ਜੀਵਨ ਵਿਚ ਵੀ ਸਾਨੂੰ ਕਾਮਯਾਬੀ ਨਹੀਂ ਮਿਲ ਸਕਦੀ। ਮਰਨ ਤੋਂ ਬਾਅਦ ਦੀ ਮੁਕਤੀ ਦੀ ਤਾਂ ਗਲ ਹੀ ਵੱਖਰੀ ਹੈ।

# ਜੋ ਹੋਇਆ ਹੋਵਤ ਸੋ ਜਾਨੈ


## ਕਰਤਾਰ ਸਿੰਘ ਨੀਲਧਾਰੀ

162 ਏ, ਗਰੇਨ ਮਾਰਕੀਟ, ਚੰਡੀਗੜ੍ਹ


ਗੁਰਬਾਣੀ ਦਾ ਆਰੰਭ ਜਪੁ ਉਪਦੇਸ਼ ਨਾਲ ਹੋਇਆ ਹੈ ਅਤੇ ਗੁਰਸਿੱਖ ਦੇ ਜੀਵਨ ਫਲਸਫੇ ਦਾ ਲਕਸ਼ 'ਹੁਕਮ ਰਜਾਈ ਚਲਣ' ਦੀ ਮੰਜਲ ਨਾਲ ਜੋੜਿਆ ਗਿਆ ਹੈ। ਅਜਿਹੀ ਗੁਰਮੁਖੀ ਜੀਵਨੀ ਘੜਨ ਲਈ 'ਘੜੀਐ ਸਬਦੁ ਸਚੀ ਟਕਸਾਲ' ਦੀ ਕੁਠਾਲੀ ਵਿਚ ਪੈਣਾ ਪੈਂਦਾ ਹੈ। 'ਨਾਨਕ ਨਦਰੀ ਨਦਰਿ ਨਿਹਾਲ' ਹੋਣ ਵਾਲਿਆਂ ਦੀ ਚੰਮ ਦ੍ਰਿਸ਼ਟੀ ਨਹੀਂ ਰਹਿੰਦੀ ਸਗੋਂ ਸਮ ਦ੍ਰਿਸ਼ਟੀ ਹੋ ਜਾਂਦੀ ਹੈ। ਇਸ ਆਤਮ ਪ੍ਰਕਾਸ਼ੀ ਫਲਸਫੇ ਦਾ ਉਪਦੇਸ ਦੇਣ ਵਾਲੀ ਬਾਣੀ 'ਜਪੁ ਸਾਹਿਬ' ਦਾ ਪਹਿਲਾ ਸਲੋਕ ਇਕ ਅਕਾਲ ਪੁਰਖ ਪ੍ਰਤੀ ਤ੍ਰੈਕਾਲ ਸਿੱਧ ਵਿਸ਼ਵਾਸ਼ ਵੀ ਪੈਦਾ ਕਰਦਾ ਹੈ ਤੇ ਜਪੁ ਸਾਧਨਾ ਦਾ ਮਾਰਗ ਦਰਸ਼ਨ ਕਰਦਾ ਹੈ। ਇਸ ਬਾਣੀ ਦੇ ਅਖੀਰਲੇ ਸ਼ਲੋਕ ਵਿਚ ਧਰਤੀ ਦੇ ਜੀਵਨ ਦਾ ਯਥਾਰਥ ਅਤੇ ਸੰਚਾਲਨ ਸ਼ਕਤੀਆਂ ਪ੍ਰਤੀ ਸਪਸ਼ਟ ਗਿਆਨ ਦਿੱਤਾ ਗਿਆ ਹੈ। ਜੀਵਨ ਜਾਂ ਪ੍ਰਾਣਾਂ ਦੇ ਸੰਚਾਲਕ ਪਵਨ ਨੂੰ ਗੁਰੂ ਕਿਹਾ ਗਿਆ ਹੈ, ਬੀਜ ਰੂਪੀ ਕਾਰਨ ਜਲ ਅਤੇ ਜੀਵਨ ਲਈ ਜ਼ਰੂਰੀ ਜਲ ਨੂੰ ਪਿਤਾ ਗਿਆ ਹੈ ਅਤੇ ਮਾਤਗਰਭ ਰੂਪੀ ਧਰਤੀ ਅਤੇ ਧਰਨੀ ਰੂਪੀ ਜਨਮ ਦਾਤੀ ਦੇ ਪਾਲਣ ਪੋਸ਼ਣ ਨੂੰ ਮਾਤਾ ਸਥਾਪਿਤ ਕੀਤਾ ਗਿਆ ਹੈ। ਦਿਨ ਰਾਤ ਜਾਂ ਇਨ੍ਹਾਂ ਦੇ ਨਿਯੰਤਾ ਸੂਰਜ ਚੰਨ ਨੂੰ ਦਾਈ ਦਾਇਆ ਕਿਹਾ ਗਿਆ ਹੈ।

ਕਰਮ ਕਰਨ ਵਿਚ ਸੁਤੰਤਰ ਹੋਣ ਕਾਰਨ ਹੀ ਚੰਗਿਆਈਆਂ ਬੁਰਿਆਈਆਂ ਦੀ ਪਾਪ-ਪੁੰਨ ਦੀ ਸੰਗਿਆ ਅਨੁਸਾਰ ਨਿਆਂ ਹੁੰਦਾ ਹੈ। ਆਪਣੇ ਕੀਤੇ ਕਰਮਾਂ ਦੇ ਅਨੁਸਾਰ ਕਰਮਫਲ ਦੇਰ ਸਵੇਰ ਜਾਂ ਪਹਿਲਾਂ-ਪਿੱਛੋਂ ਜ਼ਰੂਰ ਮਿਲਦਾ ਹੈ। ਨਾਮ ਜਪਣ ਵਾਲੇ ਉਹ ਆਪਣੀ ਜੀਵਨ ਘਾਲ ਸਫਲ ਕਰ ਲੈਂਦੇ ਹਨ ਅਤੇ ਪਰੋਪਕਾਰ ਭਾਵਨਾ ਨਾਲ ਅਨੇਕਾਂ ਹੋਰਾਂ ਦਾ ਪਾਰ ਉਤਾਰਾ ਕਰਨ ਵਿਚ ਸਫਲ ਹੁੰਦੇ ਹਨ। ਕਰਮ ਫਲ ਦਾ ਹਿਸਾਬ ਸੰਤਾਂ, ਭਗਤਾਂ, ਅਵਤਾਰਾਂ ਤੇ ਦੇਵਤਿਆਂ ਨੂੰ ਵੀ ਦੇਣਾ ਪੈਂਦਾ ਹੈ। ਸਾਡੀ ਪ੍ਰਕਿਰਤੀ ਜਾਂ ਸ੍ਰਿਸ਼ਟੀ ਰਚਨਾ ਨਾਲ ਜੁੜੇ ਜਾਂ ਵਿਲੱਖਣ ਵਿਅਕਤੀਤਵ ਕਹੇ ਜਾਣ ਵਾਲਿਆਂ ਦੇਵੀ ਦੇਵਤਿਆਂ ਤੇ ਅਵਤਾਰਾਂ ਦੀਆਂ ਕੁਝ ਸਾਖੀਆਂ ਨੂੰ ਕਰਮ ਫਲ ਦੇ ਪ੍ਰਮਾਣ ਦੇ ਰੂਪ ਵਿਚ ਭਗਤ ਤ੍ਰਿਲੋਚਨ ਜੀ ਨੇ ਬੜੀ ਖੂਬਸੂਰਤੀ ਤੇ ਨਾਟਕੀਅਤਾ ਨਾਲ ਬਾਣੀ ਵਿਚ ਪਿਰੋਇਆ ਹੈ। ਕਰਮ ਫਲ ਦੇ ਇਸ ਸਿਧਾਂਤ ਨਾਲ ਭਗਤ ਜੀ ਨੇ ਸਪਸ਼ਟ ਪ੍ਰਮਾਣਿਤ ਕੀਤਾ ਹੈ ਕਿ ਕਰਮ ਰੇਖ ਨੂੰ ਮਿਟਾਣ ਲਈ ਰਾਮਨਾਮ ਦਾ ਸਿਮਰਨ ਹੀ ਸਮਰਥ ਹੈ।

ਧਨਾਸਰੀ ਤ੍ਰਿਲੋਚਨ

*ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥*

*ਦੁਕ੍ਰਿਤ ਸੁਕ੍ਰਿਤ ਥਾਰੋ ਕਰਮ ਰੀ। ਰਹਾਉ॥* (ਪੰਨਾ 695)

ਰਹਾਉ ਦੇ ਸੰਬੋਧਨ ਤੋਂ ਸਪਸ਼ਟ ਹੁੰਦਾ ਹੈ ਕਿ ਭਗਤ ਤ੍ਰਿਲੋਚਨ ਜੀ ਆਪਣੀ ਧਰਮ ਪਤਨੀ ਨੂੰ ਸੁਚੇਤ ਕਰਕੇ ਕਹਿੰਦੇ ਹਨ- ਐ ਗਵਾਰ ਭੁਲਣ ਹਾਰ ਉਸ ਨਾਰਾਇਣ (ਪਰਮਾਤਮਾ) ਦੀ ਨਿੰਦਿਆ ਕਿਉਂ ਕਰ ਰਹੀ ਏਂ। ਮੰਦੀ-ਚੰਗੀ ਹੋਣੀ ਤੇਰੇ ਕਰਮ (ਭਾਗ ਜਾਂ ਕਰਮ ਫਲ) ਹਨ। ਆਮੂਮਨ ਦੇਖਿਆ ਜਾਂਦਾ ਹੈ ਕਿ ਕਿਸੇ ਕਾਰਜ ਵਿਚ ਸਫਲਤਾ ਦਾ ਸਿਹਰਾ ਅਸੀਂ ਆਪਣੀ ਸ਼ੇਖੀ ਬਣਾ ਲੈਂਦੇ ਹਾਂ ਅਤੇ ਅਸਫਲਤਾ ਦਾ ਦੋਸ਼ ਰੱਬ ਮੱਥੇ ਮੜ੍ਹ ਦਿੰਦੇ ਹਾਂ। ਕਰਮ ਕਰਨ ਅਤੇ ਹੁਕਮ ਦਾ ਸਿੱਧਾਂਤ ਵਖ ਵਖ ਪਿਛੋਕੜ ਤੇ ਆਧਾਰਿਤ ਹੈ। ਸਾਧਾਰਨ ਰੂਪ ਤੌਰ 'ਤੇ ਹਰ ਕੋਈ ਆਪਣੇ ਕਰਮਫਲ ਨੂੰ ਲਾਜਮੀ ਭੁਗਤਦਾ ਹੈ। ਆਤਮਿਕ ਵਿਕਾਸ ਵਿਚ ਆਤਮ ਗਿਆਨ ਜਾਂ ਬ੍ਰਹਮ ਗਿਆਨ ਪ੍ਰਾਪਤ ਵਿਅਕਤੀ ਜਦੋਂ ਦ੍ਰਿੜਤਾ ਨਾਲ ਹੁਕਮ ਦਾ ਅਨੁਸਾਰੀ ਬਣ ਜਾਂਦਾ ਹੈ ਤਾਂ ਹੀ ਇਸ ਸਿਧਾਂਤ ਤੋਂ ਮੁਕਤ ਹੁੰਦਾ ਹੈ।

ਸੰਦਰਭ ਸਹਿਤ ਵਿਆਖਿਆ ਕਰਨ ਵਾਲੇ ਵਿਦਵਾਨਾਂ ਨੇ ਲਿਖਿਆ ਹੈ ਕਿ ਵਡੇਰੀ ਉਮਰ ਵਿਚ ਭਗਤ ਜੀ ਨੂੰ ਉਨ੍ਹਾਂ ਦੀ ਪਤਨੀ ਨੇ ਘਰੇਲੂ ਕੰਮ ਦੀ ਮਦਦ ਲਈ ਕੋਈ ਸੇਵਾਦਾਰ ਭਰਤੀ ਕਰਨ ਲਈ ਕਿਹਾ। ਭਗਵਾਨ ਨੌਕਰ ਦਾ ਰੂਪ ਧਾਰਕੇ ਆ ਭਰਤੀ ਹੋਏ ਤਾਂ ਆਪਣਾ ਨਾਮ ਅੰਤਰਯਾਮੀ ਦੱਸਿਆ ਤੇ ਇਕ ਸ਼ਰਤ ਰੱਖੀ ਉਹ ਆਪਣੀ ਬੁਰਾਈ (ਨਿੰਦਿਆ) ਨਹੀਂ ਸੁਣ ਸਕਦੇ ਕੋਈ ਕਰੇਗਾ ਤਾਂ ਉਹ ਨੌਕਰੀ ਛਡ ਜਾਣਗੇ। ਭਗਤ ਜੀ ਦੇ ਸੇਵਾ ਵਿਚ ਭਗਵਾਨ

ਜੁੱਟ ਗਏ ਬੜਾ ਸੁਖ ਬਣ ਗਿਆ। ਭਗਤਨੀ ਜਿੰਨਾ ਭੋਜਨ ਦਿੰਦੀ ਅੰਤਰਯਾਮੀ ਜੀ ਛੱਕ ਕੇ ਕਦੀ ਹੋਰ ਨਾ ਮੰਗਦੇ। ਭਗਤਨੀ ਨੇ ਇਕ ਦਿਨ ਫਿਕਰ ਨਾਲ ਬਾਰ ਬਾਰ ਪਰੋਸ ਕੇ ਸਾਰਾ ਆਟਾ ਹੀ ਮੁਕਾ ਲਿਆ। ਕਿਸੇ ਪੜੋਸਨ ਨੇ ਨੌਕਰ ਬਾਰੇ ਪੁੱਛਿਆ ਤਾਂ ਭਗਤਨੀ ਨੇ ਕਿਹਾ ਹੋਰ ਤਾਂ ਠੀਕ ਹੈ ਥੋੜਾ ਅੰਨ ਦਿਉ ਤਾਂ ਵੀ ਮੰਗਦਾ ਨਹੀਂ ਸੀ। ਅੱਜ ਪਰੋਸਦੀ ਤਾਂ ਸਾਰਾ ਅੰਨ ਇਕੱਲਾ ਹੀ ਖਾ ਗਿਆ ਹੈ, ਪਤਾ ਨਹੀਂ ਕੀ ਗੜਬੜ ਹੈ। ਇਸ ਸੰਸੇ ਭਰੀ ਨਿੰਦਿਆ ਸੁਣਕੇ ਅੰਤਰਯਾਮੀ ਜੀ ਅਲੋਪ ਹੋ ਗਏ। ਦੁਪਹਿਰ ਬਾਦ ਜਦੋਂ ਭਗਤਨੀ ਝੂਰ ਰਹੀ ਸੀ ਤਾਂ ਭਗਤ ਜੀ ਨੂੰ ਸੋਝੀ ਹੋਈ ਕਿ ਨੌਕਰ ਬਣ ਅੰਤਰਯਾਮੀ ਭਗਵਾਨ ਹੀ ਆਏ ਸਨ। ਇਸ ਆਤਮ ਸੋਝੀ ਵਿਚ ਭਗਤ ਜੀ ਨੇ ਇਹ ਸ਼ਬਦ ਉਚਾਰਕੇ ਦਿਨ ਦੇ ਤੀਜੇ ਪਹਿਰ ਸਮੇਂ ਅਨੁਸਾਰ ਆਪਣੀ ਪਤਨੀ ਨੂੰ ਕਰਮਗਤੀ ਤੇ ਰਜ਼ਾ ਦੇ ਗਿਆਨ ਦਾ ਉਪਦੇਸ਼ ਸੁਣਾਇਆ ਜਿਸਦਾ ਸਥਾਈ (ਰਹਾਉ) ਉਪਰ ਦਰਜ ਕਰ ਦਿੱਤਾ ਗਿਆ।

*ਸੰਕਰਾ ਮਸਤਕਿ ਬਸਤਾ, ਸੁਰਸਰੀ ਇਸਨਾਨ ਰੇ।*
*ਕੁਲ ਜਨ ਮਧੇ ਮਿਲਿ ਸਾਰਗਪਾਨ ਰੇ*
*ਕਰਮ ਕਰ ਕਲੰਕੁ ਮਫੀਟਸਿ ਰੀ॥*

ਭਗਤ ਜੀ ਨੇ ਕਿਹਾ ਚੰਦਰਮਾ ਸ਼ੰਕਰ ਭਗਵਾਨ ਦੇ ਮਸਤਕ ਵਿਚ ਰਹਿੰਦਾ ਹੈ ਅਤੇ ਸ਼ੰਕਰ ਦੀਆਂ ਜਟਾਵਾਂ ਵਿਚ ਨਿਕਲਦੀ ਗੰਗਾ ਵਿਚ ਲਗਾਤਾਰ ਨਿਤ ਸ਼ਨਾਨ ਕਰਦਾ ਹੈ। ਉਸਦੇ ਚੰਦਰਵੰਸ਼ ਵਿਚ ਭਗਵਾਨ ਕ੍ਰਿਸ਼ਨ ਜੀ ਨੇ ਅਵਤਾਰ ਲਿਆ ਹੈ। ਫਿਰ ਵੀ ਕਰਮ ਕਰਕੇ ਚੰਦਰਮਾ 'ਤੇ ਲੱਗਿਆ ਦਾਗ (ਕਲੰਕ) ਮਿਟ ਨਹੀਂ ਸਕਿਆ।

ਕਲੰਕ ਪ੍ਰਸੰਗ- ਗੌਤਮ ਰਿਸ਼ੀ ਅਹਲਿਆ ਦੀ ਅਦੁੱਤੀ ਸੁੰਦਰਤਾ ਤੇ ਮੋਹਿਤ ਹੋਇਆ ਦੇਵਰਾਜ ਇੰਦਰ ਬੇਈਮਾਨ ਹੋ ਗਿਆ। ਚੰਦਰਮਾ ਨੂੰ ਮੁਰਗਾ ਬਣਾ ਕੇ ਸਮੇਂ ਤੋਂ ਪਹਿਲਾਂ ਬਾਂਗ ਦੇਣ ਲਈ ਇੰਦਰ ਨੇ ਸਾਜਿਸ਼ ਦਾ ਸਾਥੀ ਬਣਾਇਆ। ਮੁਰਗੇ ਦੀ ਬਾਂਗ ਨਾਲ ਗੌਤਮ ਰਿਸ਼ੀ ਸ਼ਨਾਨ ਕਰਨ ਘਰੋਂ ਨਦੀ ਵਲ ਚਲਾ ਗਿਆ। ਮਗਰੋਂ ਗੌਤਮ ਰਿਸ਼ੀ ਦਾ ਰੂਪ ਧਾਰ ਕੇ ਇੰਦਰ ਦੇਵ ਨੇ ਉਸਦੀ ਪਤਨੀ ਅਹੱਲਿਆ ਨਾਲ ਸੰਭੋਗ ਕੀਤਾ। ਰਿਸ਼ੀ ਨਦੀ ਕਿਨਾਰੇ ਗਏ ਤਾਂ ਤਾਰਿਆਂ ਦੀ ਛਾਂ ਤੋਂ ਸੁਵਖਤੇ ਆਉਣ ਕਾਰਨ ਇਕ ਛਲ ਪ੍ਰਤੀਤ ਹੋਇਆ। ਕੁਟੀਆ ਵਿਚ ਆਕੇ ਭਗ (ਯੋਨੀ) ਦੇ ਲੋਭੀ ਇੰਦਰ ਦੇ ਸਰੀਰ ਉਤੇ ਹਜ਼ਾਰ ਯੋਨੀਆਂ ਬਣ ਜਾਣ ਦਾ ਸਰਾਪ ਦਿੱਤਾ। ਚੰਦਰਮਾ ਉਤੇ ਆਪਣਾ ਪਰਨਾ ਮਾਰਕੇ ਦਾਗੀ (ਕਲੰਕ ਨਿਸ਼ਾਨ) ਕਰ ਦਿੱਤਾ ਅਤੇ ਅਹੱਲਿਆ ਨੂੰ ਸਰਾਪ ਦੇ ਕੇ ਪੱਥਰ (ਸ਼ਿਲਾ) ਬਣਾ ਦਿੱਤਾ। ਇੰਦਰ ਦੇਵਤੇ ਗੁਰੂ ਬ੍ਰਹਸਪਤੀ ਦੇ ਦੱਸੇ ਰਾਹ ਨਾਲ ਜਪ ਤਪ ਕਰਕੇ ਹਜ਼ਾਰ ਭਗ ਨੂੰ ਹਜ਼ਾਰ ਅੱਖਾਂ ਵਿਚ ਤਬਦੀਲ ਕਰਾ ਲਿਆ। ਤ੍ਰੇਤੇ ਯੁਗ ਵਿਚ ਸ੍ਰੀ ਰਾਮ ਨੇ ਸ਼ਿਲਾ ਰੂਪੀ ਅਹੱਲਿਆ ਦਾ ਉੱਧਾਰ ਕੀਤਾ ਪਰ ਚੰਦਰਮਾ ਪਰ ਉਸੇ ਸਮੇਂ ਦਾ ਕਲੰਕ (ਦਾਗ) ਅਜ ਤੱਕ ਹੀ ਲੱਗਾ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਰੂਪਾਂ ਤੋਂ ਇਲਾਵਾ ਸੰਤਾਂ ਭਗਤਾਂ ਤੇ ਫਕੀਰਾਂ ਦੀਆਂ ਬਾਣੀਆਂ ਦਰਜ ਕਰਕੇ ਇਸ ਨੂੰ ਵਿਸ਼ਵ ਸਵੀਕਾਰੋਤੀ ਦਾ ਵਿਸ਼ਾਲ ਆਯਾਮ ਦਿੱਤਾ ਗਿਆ ਹੈ। ਇਸ ਵਿਚ ਸ਼ੇਖ ਫਰੀਦ ਜੀ ਇਸਲਾਮੀ ਪਰੰਪਰਾ ਵਿਚ ਪੰਜ ਨਿਮਾਜਾਂ ਦਾ ਸੱਦਾ ਦਿੰਦੇ ਹਨ ਪਰ ਸਿੱਖ ਧਰਮ ਵਿਚ ਸਵੇਰ ਸ਼ਾਮ ਤੇ ਰਾਤ ਦੇ ਤਿੰਨ ਨਿਤਨੇਮੀ ਪਾਠਾਂ ਦਾ ਵਿਧਾਨ ਹੀ ਗੁਰਮਤਿ ਸੰਸਕਾਰ ਹੈ। ਗੁਰਬਾਣੀ ਵਿਚ ਆਏ ਪੌਰਾਣਿਕ ਸੰਦਰਭਾਂ ਦੇ ਗਿਆਨ ਦੇ ਮੱਦੇ ਨਜ਼ਰ ਹੀ ਪੰਜ ਗੁਰਸਿੱਖਾਂ ਨੂੰ ਨਿਰਮਲ ਵੇਸ਼ ਵਿਚ ਸੰਸਕ੍ਰਿਤ ਸ਼ਾਸਤਰ ਪੜ੍ਹਨ ਲਈ ਦਸ਼ਮੇਸ਼ ਜੀ ਨੇ ਕਾਂਸ਼ੀ ਭੇਜਿਆ ਸੀ। ਗੁਰਮਤਿ ਤੋਂ ਕਿਨਾਰੇ ਹੋਕੇ ਨਿਰਮਲ ਸੰਪ੍ਰਦਾ ਦਾ ਬਹੁਤਾ ਹਿੱਸਾ ਹਿੰਦੂ ਧਰਮ ਵੱਲ ਪਰਵਿਰਤ ਹੋ ਗਿਆ ਅਤੇ ਗੁਰਬਾਣੀ ਗ੍ਰੰਥ ਨੂੰ ਪੰਜਵਾਂ ਵੇਦ ਕਹਿ ਕੇ ਪ੍ਰਚਾਰਿਤ ਕੀਤਾ। ਇਹ ਇਤਿਹਾਸ ਖੋਜੀਆਂ ਦਾ ਪ੍ਰਸਤੁਤ ਲੇਖ ਤੋਂ ਵੱਖਰਾ ਵਿਸ਼ਾ ਹੈ ਕਿ ਸਿੱਖ ਧਰਮ ਦੇ ਵਿਕਾਸ ਵਿਚ ਅਤੇ ਗੁਰਮਤਿ ਫਲਸਫੇ ਦੇ ਪ੍ਰਚਾਰ ਵਿਚ ਇਸ ਨਿਰਮਲ ਸੰਪਰਦਾ ਦਾ ਕੁਲ ਕਿਤਨਾ ਯੋਗ ਹੈ। ਗੁਰਬਾਣੀ ਵਿਚ ਆਏ ਸਾਰੇ ਹਵਾਲੇ ਕੇਵਲ ਗੁਰਮਤਿ ਪੱਖ ਨੂੰ ਉਜਾਗਰ ਕਰਨ ਲਈ ਵਰਤੇ ਗਏ ਹਨ ਇਨ੍ਹਾਂ ਪ੍ਰਤੀ ਕਿਸੇ ਭੰਬਲ ਭੂਸੇ ਦੀ ਗੁੰਜਾਇਸ਼ ਨਹੀਂ। ਇਹ ਹਕੀਕਤ ਹੈ ਕਿ ਸਗੋਂ ਇਕ ਪਰਮਾਤਮਾ ਦੇ ਉਪਾਸਕ ਸਿੱਖ ਧਰਮ ਫਲਸਫੇ ਵਿਚ ਦੁਬਿਧਾ ਲਈ ਕੋਈ ਗੁੰਜਾਇਸ਼ ਹੀ ਨਹੀਂ ਰੱਖੀ ਗਈ।

ਸਿੱਖ ਧਰਮ ਦਾ ਧੁਰਾ ਇਕ ਪਰਮਾਤਮਾ ਦੇ ਵਿਸ਼ਵਾਸ਼ ਅਤੇ ਜਪੁ ਸਿਮਰਨ ਉਤੇ ਟਿਕਿਆ ਹੋਇਆ ਹੈ। ਪੌਰਾਣਿਕ ਸਾਖੀਆਂ ਦੀ ਚੀਰ ਫਾੜ ਅਤੇ ਕਿੰਤੂ-ਪਰੰਤੂ ਗੁਰਬਾਣੀ ਅਤੇ ਇਸਦੇ ਰਚਨਾਕਾਰ ਦੀ ਬ੍ਰਹਮ ਸੱਤਾ ਦਾ ਖੰਡਨ ਹੀ

ਸਮਝਿਆ ਜਾ ਸਕਦਾ ਹੈ। ਸਿੱਧੀ ਜਿਹੀ ਥਿਊਰੀ ਹੈ ਪੌਰਾਣਿਕ ਪ੍ਰਸੰਗ ਦੇ ਹਵਾਲੇ ਦਾ ਵਿਸਤਾਰ ਜ਼ਰੂਰ ਜਾਣਿਆ ਜਾਏ ਪਰ ਉਸ ਦਾ ਗੁਣ ਅਵਗੁਣ ਪ੍ਰਸਤੁਤ ਗੁਰਬਾਣੀ ਸ਼ਬਦ ਅਨੁਸਾਰ ਹੀ ਆਤਮ ਸਾਤ ਕੀਤਾ ਜਾਏ। ਭਗਵਾਨ ਪੱਥਰ ਪੂਜਾ ਵਿਚੋਂ ਪਰਗਟ ਹੋਕੇ ਧੰਨੇ ਭਗਤ ਦੇ ਖੇਤਾਂ ਵਿਚ ਸੇਵਾ ਕਰ ਸਕਦੇ ਹਨ ਤਾਂ ਭਗਤ ਤ੍ਰਿਲੋਚਨ ਦਾ ਨੌਕਰ ਵੀ ਬਣ ਸਕਦੇ ਹਨ। ਆਪਣੀ ਧਰਮ ਪਤਨੀ ਨਾਲ ਪ੍ਰਸੰਸਾ ਦੇ ਭਗਤ ਕਬੀਰ ਜੀ ਦੇ ਵੀ ਕਈ ਸ਼ਬਦ ਮਿਲਦੇ ਹਨ। ਬਲਕਿ ਉਨ੍ਹਾਂ ਨੇ ਆਪਣੇ ਮਾਤਾ ਪਿਤਾ ਦੇ ਨੇਗੇਟਿਵ (ਵਿਰੋਧੀ) ਵਿਚਾਰਾਂ ਦਾ ਵੀ ਖੁੱਲ੍ਹ ਕੇ ਜ਼ਿਕਰ ਕੀਤਾ ਹੈ। ਸਾਖੀਆਂ ਪ੍ਰਸੰਗ ਸੰਦਰਭਾਂ ਨੂੰ ਜਿਵੇਂ ਵੀ ਸਵੀਕਾਰ ਜਾਂ ਅਸਵੀਕਾਰ ਕੀਤਾ ਜਾਏ ਧੁਰਾ (ਸਥਾਈ) ਨਾਮ ਸਿਮਰਨ ਦਾ ਹੀ ਸਵੈ ਸਿੱਧ ਹੁੰਦਾ ਹੈ। ਇਸ ਤਰ੍ਹਾਂ ਸੁਤੰਤਰ ਵਿਚਰਧਾਰਾ ਨਾਲ ਮੌਜੂਦਾ ਹਿੰਦੂ ਸੰਕੀਰਣਤਾ ਤੇ ਹਮਲਾਵਰੀ ਨੂੰ, "ਵਿਸ਼ਵ ਧਰਮ ਕੇਵਲ ਸਿੱਖ ਧਰਮ ਹੈ, ਦੇ ਸੰਦੇਸ਼ ਨਾਲ ਸਿੱਧ ਕਰਕੇ ਹੀ ਧਾਰਾਸ਼ਾਹੀ ਕੀਤਾ ਜਾ ਸਕਦਾ ਹੈ।" □


Phone : (O) 3312440
Resi. : 5721753

Sawhney Cloth House

46, Shanker Market, Connaught Circus, New Delhi - 110 001



Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 723333 SALAD BAR 723222
PKL 579888 MOH 264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 723222, 723111, 704858

PEPSI

# ਸਿੱਖ ਧਰਮ ਵਿੱਚ ਕੀਰਤਨ ਦਾ ਮਹੱਤਵ

ਡਾ. ਮਨਮੋਹਨ ਸਿੰਘ

889, ਫੇਜ਼ 10, ਮੁਹਾਲੀ

*ਕਲਿਜੁਗ ਮਹਿ ਕੀਰਤਨ ਪ੍ਰਧਾਨਾ। ਗੁਰਮੁਖ ਜਪੀਐ ਲਾਏ ਧਿਆਨਾ॥*

ਸਿੱਖ ਧਰਮ ਵਿੱਚ ਕੀਰਤਨ ਦਾ ਬਹੁਤ ਮਹੱਤਵ ਦੱਸਿਆ ਗਿਆ ਹੈ। ਇਸ ਲਈ ਸਿੱਖ ਧਰਮ ਵਿਚ ਸਵੇਰੇ ਸ਼ਾਮ ਕੀਰਤਨ ਕਰਨ ਲਈ ਅਤੇ ਸੁਣਨ ਦੀ ਪ੍ਰੇਰਨਾ ਕੀਤੀ ਜਾਂਦੀ ਹੈ। ਗੁਰਦੁਆਰੇ ਵਿੱਚ ਸਵੇਰੇ ਸ਼ਾਮ ਦੋਹਾਂ ਵੇਲੇ ਕੀਰਤਨ ਕੀਤਾ ਜਾਂਦਾ ਹੈ। ਕਈ ਵਾਰ ਤਾਂ ਕੀਰਤਨ ਸੰਗਤ ਰੂਪ ਵਿੱਚ ਕੀਤਾ ਜਾਂਦਾ ਹੈ ਭਾਵ ਕਿ ਸਾਰੇ ਲੋਕ ਸੰਗਤ ਦੇ ਰੂਪ ਵਿਚ ਸ਼ਬਦ ਦਾ ਗਾਇਨ ਕਰਦੇ ਹਨ। ਕੀਰਤਨ ਤੋਂ ਭਾਵ ਹੈ ਕਿ ਸਤਿਸੰਗ ਦੇ ਰੂਪ ਵਿਚ ਪਰਮਾਤਮਾ ਦੀ ਸਿਫਤ ਕਰਨਾ। ਤਾਲ ਤੇ ਰਾਗ ਦੇ ਰੂਪ ਵਿੱਚ ਸ਼ਬਦ ਦਾ ਗਾਇਨ ਕਰਨ ਨੂੰ ਕੀਰਤਨ ਕਿਹਾ ਗਿਆ ਹੈ ਤਾਂ ਕਿ ਸੁਣਨ ਵਾਲੇ ਸ਼ਬਦ ਦੇ ਨਾਲ ਲਿਵ ਲਾ ਲੈਣ, ਇੱਕ ਮਨ ਹੋ ਕੇ ਪ੍ਰਭੂ ਪ੍ਰਮਾਤਮਾ ਦੇ ਵਿੱਚ ਲੀਨ ਹੋ ਜਾਣ। ਅਰਾਧਨਾ ਭਾਵੇਂ ਸਰਗੁਣ ਜਾਂ ਨਿਰਗੁਣ ਦੀ ਹੋਵੇ ਦੋਹਾਂ ਵਿਚ ਕੀਰਤਨ ਮਹੱਤਵ ਰੱਖਦਾ ਹੈ। ਕਹਿੰਦੇ ਹਨ ਪਰਮਾਤਮਾ ਨਾ ਤਾਂ ਬੈਕੁੰਠ ਵਿਚ ਹੈ ਤੇ ਨਾ ਹੀ ਯੋਗੀਆਂ ਦੇ ਹਿਰਦੇ ਵਿਚ, ਪਰਮਾਤਮਾ ਉਥੇ ਹੀ ਨਿਵਾਸ ਕਰਦਾ ਹੈ ਜਿਥੇ ਉਸਦੇ ਭਗਤ ਉਸਦੀ ਅਰਾਧਨਾ ਕਰਦੇ ਹਨ। ਕਲਯੁਗ ਵਿੱਚ ਕੀਰਤਨ ਦਾ ਮਹੱਤਵ ਦੱਸਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਸੀ ਕਿ-

*ਕਲਜੁਗ ਮਹਿ ਕੀਰਤਨ ਪ੍ਰਧਾਨਾ, ਗੁਰਮੁਖ ਜਪੀਐ ਲਾਏ ਧਿਆਨਾ।*
*ਆਪ ਤਰੇ ਸਗਲੇ ਕੁਲ ਤਾਰੇ, ਦਰਗਹਿ ਪਤਿ ਸਿਓ ਜਾਇਦਾ॥*

ਸਿੱਖ ਗੁਰੂਆਂ ਨੇ ਕੀਰਤਨ ਦੁਆਰਾ ਨਵੀਂ ਅਰਾਧਨਾ ਦੀ ਵਿਧੀ ਚਾਲੂ ਕੀਤੀ। ਸਿੱਖ ਧਰਮ ਵਿਚ ਸਿਰਫ ਗੁਰੂ ਸ਼ਬਦ ਨੂੰ ਮਹੱਤਵ ਦਿੱਤਾ ਗਿਆ ਹੈ ਤੇ ਪ੍ਰਵਾਨ ਕੀਤਾ ਗਿਆ। ਕੱਚੀ ਬਾਣੀ, ਆਪਣੇ ਵਲੋਂ ਤੁਕਾਂ ਬਣਾ ਕੇ ਗਾਣਿਆਂ ਦੀ ਤਰਜ ਵਿਚ ਗਾਉਣਾ ਮਨਮਤ ਦੱਸੀ ਗਈ ਹੈ ਪਰ ਅੱਜਕਲ੍ਹ ਰਾਗੀ ਅਜਿਹਾ ਕਰਦੇ ਹਨ ਉਹ ਸਿੱਖੀ ਦੇ ਅਸੂਲਾਂ ਦੇ ਵਿਰੁੱਧ ਹੈ ਉਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਸ਼ਬਦ ਗੁਰੂਆਂ ਅਤੇ ਸੰਤਾਂ ਦੀ ਬਾਣੀ ਹੈ ਜੋ ਗੁਰੂ ਗਰੰਥ ਸਾਹਿਬ ਵਿੱਚ ਹੈ ਤੇ ਪੈਰੇ, ਸਲੋਕਾਂ ਦੇ ਰੂਪ ਵਿੱਚ ਹੈ। ਸਿੱਖ ਧਰਮ ਅਜਿਹਾ ਇੱਕ ਧਰਮ ਹੈ ਜਿਸ ਵਿੱਚ ਕੀਰਤਨ ਪ੍ਰਧਾਨ ਮੰਨਿਆ ਗਿਆ ਹੈ। ਕੀਰਤਨ ਨੂੰ ਨਿਰਮੋਲਕ ਹੀਰਾ ਮੰਨਿਆ ਗਿਆ ਹੈ ਤੇ ਗੁਰਬਾਣੀ ਵਿੱਚ ਕਿਹਾ ਗਿਆ ਹੈ 'ਤਹਾਂ ਬੈਕੁੰਠ ਜਹਾ ਕੀਰਤਨ ਤੇਰਾ' ਜਿਸ ਸਥਾਨ 'ਤੇ ਕੀਰਤਨ ਹੁੰਦਾ ਹੈ, ਉਹ ਸਥਾਨ ਪਵਿੱਤਰ ਮੰਨਿਆ ਗਿਆ ਹੈ ਉਹ ਸਥਾਨ ਸੋਹਣਾ ਹੈ ਕੀਰਤਨ ਨੂੰ ਪ੍ਰਭੂ ਮਿਲਨ, ਪ੍ਰਮਾਤਮਾ ਦੇ ਮਿਲਣ ਦਾ ਸਾਧਨ ਦੱਸਿਆ ਗਿਆ ਹੈ। ਕਰਿ ਕੀਰਤਨ ਹੋਇ ਉਧਾਰ, ਕੀਰਤਨ ਕਰਨ ਅਤੇ ਸੁਣਨ ਨਾਲ ਅਗਿਆਨ ਵਿਚ ਗੁੰਮਿਆ ਮਨ ਜਾਗ ਉਠਦਾ ਹੈ ਤੇ ਦੁਖ ਕਲੇਸ਼ ਖਤਮ ਹੋ ਜਾਂਦੇ ਹਨ। ਮਨ ਸ਼ਾਂਤ ਚਿਤ ਹੋ ਜਾਂਦਾ ਹੈ।

ਸਿੱਖ ਧਰਮ ਵਿੱਚ ਕੀਰਤਨ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਬਾਣੀ ਅਤੇ ਮਰਦਾਨੇ ਦੀ ਰਬਾਬ ਨਾਲ ਮੰਨਿਆ ਗਿਆ ਹੈ। ਜਦੋਂ ਬਾਣੀ ਗੁਰੂ ਜੀ ਦੇ ਦਿਮਾਗ ਵਿੱਚ ਆਉਂਦੀ ਸੀ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਰਬਾਬ ਛੇੜਨ ਨੂੰ ਕਹਿੰਦੇ ਸਨ- 'ਛੇੜ ਮਰਦਾਨਿਆਂ ਰਬਾਬ ਕਾਈ ਸਿਫਤ ਖੁਦਾ ਦੇ ਦੀਦਾਰ ਕਰੀਏ।'

ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੀ ਆਵਾਜ਼ ਲੋਕਾਂ ਤੱਕ ਪਹੁੰਚਾਉਣ ਲਈ ਕੀਰਤਨ ਨੂੰ ਸਾਧਨ ਬਣਾਇਆ ਸੀ। ਮਰਾਸੀ ਜਾਤ ਦੇ ਮਰਦਾਨੇ ਨੂੰ ਆਪਣੇ ਨਾਲ ਸਾਥੀ ਬਣਾਇਆ ਕਹਿੰਦੇ ਹਨ ਕਿ ਪਹਿਲੀ ਵਾਰ ਜਦੋਂ ਮਰਦਾਨੇ ਨੇ ਗੁਰੂ ਜੀ ਦੇ ਕਹਿਣ ਤੇ ਰਬਾਬ ਵਜਾਈ ਤਦ ਜੰਗਲ ਦੇ ਦਰਖਤਾਂ ਵਿਚੋਂ ਰਸ ਡਿੱਗਣ ਲੱਗਾ, ਪੰਛੀ ਖੁਸ਼ ਹੋਕੇ ਝੂਮਣ ਲੱਗੇ, ਸਭ ਜੜ ਚੇਤਨ ਹੋ ਗਏ। ਕਠੋਰ ਦਿਲ ਕੋਮਲ ਹੋ ਗਏ। ਸੱਜਣ ਠੱਗ ਜਿਹੇ ਅਪਰਾਧੀ ਦਾ ਮਨ ਬਦਲ ਗਿਆ। ਕੀਰਤਨ ਸੁਣ ਕੇ ਚੋਰ ਡਾਕੂ ਜਾਲਮ ਲੋਕ ਵੀ ਅੱਛੇ ਕੰਮ ਕਰਨ ਲੱਗੇ। ਸਿੱਖ ਧਰਮ ਵਿੱਚ ਕੀਰਤਨ ਦੀ ਪ੍ਰਧਾਨਤਾ ਹੋ ਗਈ। ਗੁਰੂ ਜੀ ਰਾਗਾਂ ਨਾਲ ਵਾਕਿਫ ਸਨ ਤੇ ਸਿਰੰਦਾ ਵਜਾ ਕੇ ਕੀਰਤਨ

ਕਰਦੇ ਸਨ। ਗੁਰੂ ਹਰਿ ਗੋਬਿੰਦ ਜੀ ਨੇ ਨਵੇਂ ਨਵੇਂ ਸਾਜਾਂ ਦੀ ਕਾਢ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ 235 ਰਾਗ ਤਾਨਪੁਰੇ ਦੀ ਸੰਗਤ ਕਰਕੇ ਗਾਏ। ਗੁਰੂ ਗੋਬਿੰਦ ਸਿੰਘ ਜੀ ਆਪ ਵੀ ਕੀਰਤਨ ਕਰਦੇ ਸਨ ਤੇ ਕਵੀਆਂ ਤੋਂ ਵੀ ਕਰਾਉਂਦੇ ਸਨ। ਕਿਉਂਕਿ ਉਨ੍ਹਾਂ ਦੇ ਦਰਬਾਰ ਵਿੱਚ 52 ਕਵੀ ਰੱਖੇ ਹੋਏ ਸਨ। ਉਸ ਸਮੇਂ ਦੇ ਮੁਖ ਕੀਰਤਨੀਏ ਸਨ ਭਾਈ ਮਨਸਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਸੁੰਦਰ ਜੀ, ਭਾਈ ਮੁਖਤਾ ਰਬਾਬੀ, ਭਾਈ ਤਾਬਾ ਜੀ ਆਦਿ। ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਵੇਲੇ ਤੋਂ ਸੰਗਤਾਂ ਨੇ ਕੀਰਤਨ ਕਰਨਾ ਚਾਲੂ ਕਰ ਦਿੱਤਾ ਸੀ। ਗੁਰੂ ਜੀ ਮੁਤਾਬਕ ਪ੍ਰਮਾਤਮਾ ਸਰਬ ਵਿਆਪਕ ਹੈ ਤੇ ਨਾਦ ਵੀ। ਪੂਰੀ ਲੁਕਾਈ ਵਿਚ ਹਰ ਵਕਤ ਸੂਖਮ ਤੋਂ ਕੋਮਲ ਗਾਇਨ ਹੋ ਰਿਹਾ ਹੈ।

*ਪ੍ਰਭਿ ਬਾਣੀ ਸਬਦ ਸੁਭਾਖਿਆ, ਗਾਵਿਹੁ ਪੜਹੁ ਸੁਣਿਹੁ ਨਿਤ ਭਾਈ, ਗੁਰੂ ਪੂਰੇ ਤੇ ਰਾਖਿਆ॥*

ਸਿੱਖੀ ਅਨੁਸਾਰ ਜੇ ਮਰਨ ਤੋਂ ਉਪਰੰਤ ਜੇ ਮਰਨ ਵਾਲੇ ਦੀ ਯਾਦ ਵਿੱਚ ਕੀਰਤਨ ਕੀਤਾ ਜਾਵੇ ਤਾਂ ਮਰਨ ਵਾਲੇ ਦੀ ਆਤਮਾ ਨੂੰ ਸ਼ਾਂਤੀ ਮਿਲਦੀ ਹੈ। ਇਸ ਲਈ ਮਰਨ ਵਾਲੇ ਦੀ ਯਾਦ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ ਤੇ ਕੀਰਤਨ ਕਰਵਾਇਆ ਜਾਂਦਾ ਹੈ।

ਪਹਿਲੀ ਪਾਤਸ਼ਾਹੀ ਦੇ ਬਾਅਦ ਭਾਵੇਂ ਕੀਰਤਨ ਦੀ ਮਰਿਆਦਾ ਰੋਜ਼ਾਨਾ ਹੀ ਨਿਭਦੀ ਚਲੀ ਗਈ, ਪਰ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਬਹੁਤ ਚਮਕਾਇਆ। ਆਪ ਨੇ ਹੀ ਇੱਕ ਨਵਾਂ ਸਾਜ਼ ਸਾਰੰਦਾ ਤਿਆਰ ਕਰਵਾਇਆ ਤੇ ਸਿੱਖਾਂ ਨੂੰ ਆਪ ਕੀਰਤਨ ਕਰਨ ਲਈ ਪ੍ਰੇਰਿਆ। ਹਜ਼ੂਰ ਖੁਦ ਵੀ ਕੀਰਤਨ ਕਰਦੇ ਸਨ। ਆਪ ਦਾ ਕੀਰਤਨ ਪ੍ਰਭਾਵ ਕਿਤਨਾ ਉੱਚਾ ਸੀ ਤੇ ਉਹ ਦਿਲਾਂ ਦੀਆਂ ਚਟਾਨਾਂ ਨੂੰ ਤੋੜ ਕਿਸ ਤਰ੍ਹਾਂ ਰਸਾਂ ਦੇ ਸਫੁਟ ਚਸ਼ਮੇ ਬਹਾ ਦਿੰਦਾ ਸੀ। □


## I SAID A PRAYER FOR YOU TODAY

I said a prayer for you today
And know God must have heard -
I felt the answer in my heart
Although He spoke no word!
I didn't ask for wealth or fame
(I knew you wouldn't mind) -
I asked Him to send treasures
Of a far more lasting kind!
I asked that He'd be near you
At the start of each new day
To grant you health and blessings
And friends to share your way!
I asked for happiness for you
In all things great and small -
But it was for His loving care
I prayed the most of all!

*- Source Unknown*

(*Curtsey:* Chicken Soup for the Surviving Soul)

*With best compliments from a wellwisher*

# ਗੁਰਮਤਿ ਸੰਗੀਤ ਦੀ ਕਰਤਾਰੀ ਕਲਾ ਦੇ ਉਸਤਾਦ-ਪ੍ਰੋ. ਕਰਤਾਰ ਸਿੰਘ


## ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ ਬੇਦਵਾਣ ਡਾ. ਮੱਛਲੀ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ


"ਸਿਧਾਂਤਕ ਤੌਰ ਤੇ ਰਾਗ ਆਧਾਰਿਤ ਬਾਣੀ ਦਾ ਗਾਇਨ ਹੀ ਕੀਰਤਨ ਦਾ ਅਸਲ ਰੂਪ ਹੈ ਪਰ ਕੀਰਤਨ ਕਲਾ ਪੱਖੋਂ ਅਸੀਂ ਅੱਤਿ ਦੇ ਗਰੀਬ ਹੋ ਗਏ ਹਾਂ।" ਇਹ ਸ਼ਬਦ ਹਨ ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੇ। ਪ੍ਰੋ. ਕਰਤਾਰ ਸਿੰਘ ਉਸਤਾਦ ਕਲਾਕਾਰ ਹਨ। ਪਿਛਲੇ ਛੇ ਦਹਾਕਿਆਂ ਤੋਂ ਉਹ ਗੁਰਮਤਿ ਸੰਗੀਤ ਸਬੰਧੀ ਕਾਰਜਾਂ ਵਿੱਚ ਸਲਗਨ ਹਨ। ਵੱਡੇ ਭਾਗਾਂ ਨੂੰ ਇਹਨਾਂ ਦੇ ਸ਼ਾਗਿਰਦੀ ਦੇ ਦਿਨ ਉਸ ਕਸਬੇ ਵਿੱਚ ਸ਼ੁਰੂ ਹੋਏ ਜਿਥੋਂ ਭਾਈ ਫੇਰੂ ਨੇ ਗੁਰੂ ਨਾਨਕ ਸਾਹਿਬ ਲਈ ਪਹਿਲੀ ਅਦੁੱਤੀ ਰਬਾਬ ਬਣਾ ਕੇ ਦਿੱਤੀ ਸੀ। ਸ਼ਾਗਿਰਦੀ ਦੇ ਦਿਨਾਂ ਵਿੱਚ ਪ੍ਰੋ. ਸਾਹਿਬ ਨੂੰ ਭਾਈ ਚਾਂਦ ਦੇ ਸ਼ਗਿਰਦ ਭਾਈ ਕਰਮਾ ਜੀ ਦਾ ਸਾਥ ਤੇ ਅਗਵਾਈ ਮਿਲੀ। ਉਪਰੰਤ ਇਹਨਾਂ ਨੇ 1945 ਵਿੱਚ ਗੀਨਾਲਾ ਖੁਰਦ (ਮਿੰਟਗੁਮਰੀ) ਅਤੇ 1946 ਵਿਚ ਗੁਜਰਾਂਵਾਲਾ ਵਿਖੇ ਕੀਰਤਨ ਸੇਵਾ ਨਿਭਾਈ। ਦੇਸ ਵੰਡ ਤੋਂ ਬਾਅਦ ਲੁਧਿਆਣਾ ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਵਰਗੇ ਗੁਣੀ ਪੁਰਸ਼ ਇਹਨਾਂ ਦਾ ਕੀਰਤਨ ਸੁਣਦੇ ਤੇ ਇਹਨਾਂ ਦੀ ਹੌਸਲਾ ਅਫਜਾਈ ਕਰਦੇ।

ਪ੍ਰੋ. ਕਰਤਾਰ ਸਿੰਘ ਜੀ ਦਾ ਵਿਚਾਰ ਹੈ ਕਿ ਜਿੰਨਾਂ ਅਭਿਆਸ ਤੇ ਰਿਆਜ਼ ਜਰੂਰੀ ਹੈ ਉਂਨਾਂ ਹੀ ਦੂਜੇ ਕੀਰਤਨਕਾਰਾਂ ਨੂੰ ਸੁਣਨਾ ਵੀ ਜਰੂਰੀ ਹੈ। ਉਹਨਾਂ ਨੇ ਆਪਣੀ ਕਲਾ ਦੇ ਵਿਕਸਿਤ ਹੋਣ ਵਿੱਚ ਕੇਵਲ ਸੁਣਨ ਕਰਕੇ ਹੀ ਕਈ ਮੋਢੀ ਉਸਤਾਦ ਕਲਾਕਾਰਾਂ ਦਾ ਹੱਥ ਮੰਨਿਆ ਹੈ। ਉਹਨਾਂ ਦਾ ਕਹਿਣਾ ਹੈ ਕਿ " ਹਰ ਫੁੱਲ ਦੀ ਆਪਣੀ-ਆਪਣੀ ਖੁਸ਼ਬੂ ਹੁੰਦੀ ਹੈ ਤੇ ਇਹਨਾਂ ਸਭ ਦੀ ਕੀਰਤਨ ਕਲਾ ਦੀ ਮਹਿਕ ਦੇ ਕੁਝ ਅੰਸ਼ ਮੈਂ ਆਪਣੇ ਵਿਚ ਸਦੈਵ ਹੀ ਸਮੋਂਦਾ ਰਿਹਾ ਹਾਂ ਤੇ ਉਸ ਤੋਂ ਜੋ ਬਲ ਪ੍ਰਾਪਤ ਹੋਇਆ ਹੈ, ਉਹ ਮੇਰੀ ਸੰਗੀਤ ਯਾਤਰਾ ਦਾ ਅਤੁੱਟ ਅੰਗ ਹੈ।" ਅਜਿਹੇ ਹੀ ਪ੍ਰਭਾਵਾਂ ਸਦਕਾ ਪ੍ਰੋ. ਕਰਤਾਰ ਸਿੰਘ ਜੀ ਨੇ ਤੰਤੀ ਸਾਜਾਂ ਦੁਆਰਾ ਕੀਰਤਨ ਕਰਨ ਦੀ ਪਰੰਪਰਾਗਤ ਸ਼ੈਲੀ ਨੂੰ ਸੁਰਜੀਤ ਕਰਨ ਦਾ ਬੀੜਾ ਚੁੱਕਿਆ । ਅਜਿਹਾ ਕਰਨ ਨੂੰ ਉਹ ਆਪਣੀ ਸੰਗੀਤ ਯਾਤਰਾ ਵਿੱਚ ਇੱਕ ਨਵਾਂ ਮੋੜ ਆਇਆ ਮੰਨਦੇ ਹਨ। ਉਹਨਾਂ ਨੇ 1960 ਵਿਚ ਤਾਨਪੁਰੇ ਨਾਲ ਜੋ ਕੀਰਤਨ ਸੇਵਾ ਆਰੰਭ ਕੀਤੀ ਸੀ ਉਹ ਅੱਜ ਵੀ ਜਾਰੀ ਹੈ। ਪ੍ਰੋ. ਕਰਤਾਰ ਸਿੰਘ ਜੀ ਮੰਨਦੇ ਹਨ ਕਿ ਸਰਵੋਤਮ ਸਾਹਿਤਕਾਰ ਪ੍ਰੋ. ਪ੍ਰੀਤਮ ਸਿੰਘ ਦੀ ਉੱਚ ਸਖਸ਼ੀਅਤ ਦਾ ਉਹਨਾਂ ਤੇ ਬਹੁਤ ਪ੍ਰਭਾਵ ਹੈ। ਪ੍ਰੋ. ਕਰਤਾਰ ਸਿੰਘ ਜੀ ਨੇ ਸੰਗੀਤ ਦਾ ਵਿਸ਼ਾ ਪੜ੍ਹਾਉਣ ਦੇ ਨਾਲ-ਨਾਲ ਗੁਰਮਤਿ ਦੇ ਨਿਰਧਾਰਤ ਸਰੂਪ ਨੂੰ ਕਾਲਜ ਤੇ ਵਿੱਦਿਅਕ ਸੰਸਥਾਵਾਂ ਰਾਹੀਂ ਪ੍ਰਚਾਰਨ ਵਿਚ ਲਗੱਭਗ ਤਿੰਨ ਦਹਾਕੇ ਸੇਵਾ ਨਿਭਾਈ ਹੈ।

ਪ੍ਰੋ. ਕਰਤਾਰ ਸਿੰਘ ਜੀ ਸੰਤ ਬਾਬਾ ਸੁੱਚਾ ਸਿੰਘ ਦੀ ਜਵੱਦੀ ਕਲਾ ਵਾਲਿਆਂ ਵੱਲੋਂ ਕਰਵਾਏ ਜਾਂਦੇ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਕੀਰਤਨ ਤੋਂ ਇਲਾਵਾ ਰਾਗ ਨਿਰਣਾਇਕ ਕਮੇਟੀ ਮੈਂਬਰ ਅਤੇ ਸਮਾਗਮਾਂ ਦੇ ਕੋਆਰਡੀਨੇਟਰ ਆਦਿ ਦੀ ਸੇਵਾ ਵੀ ਨਿਭਾਉਂਦੇ ਰਹੇ ਹਨ। ਉਹਨਾਂ ਨੇ ਦ੍ਰਿੜ ਸੰਕਲਪ ਕਰਕੇ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੀ ਜਾਣਕਾਰੀ ਅਤੇ ਉਹਨਾਂ ਦੀਆਂ ਬੰਦਸ਼ਾਂ ਨੂੰ ਇੱਕ ਪੁਸਤਕ 'ਗੁਰਮਤਿ ਸੰਗੀਤ ਦਰਪਣ' ਦੇ ਨਾਂ ਹੇਠ ਜਾਰੀ ਕੀਤਾ ਹੈ।

ਗੁਰੂ ਦੇ ਨਿਮਾਣੇ ਸਿੱਖ ਕਿੰਨੇ ਵੀ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋਣ ਪਰ ਉਹ ਆਪਣੇ ਮੂੰਹੋਂ ਆਪਣੀ ਵਡਿਆਈ ਕਦੇ ਨਹੀਂ ਕਰਦੇ, ਸਗੋਂ ਆਪਣੇ ਹਿੱਸੇ ਦਾ ਸਨਮਾਨ ਹੋਰਨਾਂ ਨੂੰ ਵੰਡ ਕੇ ਖੁਸ਼ੀ ਮਹਿਸੂਸ ਕਰਦੇ ਹਨ ਜਿਵੇਂ ਪ੍ਰੋ. ਕਰਤਾਰ ਸਿੰਘ ਜੀ ਦੇ ਇਹ ਸ਼ਬਦ ਕਿ, "ਮਾਤਾ ਪਿਤਾ ਦੇ ਸੰਸਕਾਰ ਸਹਾਈ ਹੋਏ। ਮੈਨੂੰ ਸੰਗੀਤ ਭਿਖਾਰੀ ਦੇ ਰੂਪ ਵਿਚ ਉਸਤਾਦਾਂ ਪਾਸੋਂ, ਮਹਾਨ ਸੰਗੀਤਕਾਰਾਂ ਦੇ ਪ੍ਰਦਰਸ਼ਨ ਤੋਂ, ਗੁਣਵਾਨ ਕੀਰਤਨਕਾਰਾਂ ਦੇ ਗਾਇਨ ਤੋਂ, ਕੀਰਤਨ ਸੇਵਾ ਵਿਚ ਸੰਗਤਾਂ ਦੀਆਂ ਅਸੀਸਾਂ ਤੋਂ ਅਤੇ ਵਿਦਿਆਰਥੀ ਵਰਗ ਦੀ ਸੰਗੀਤ ਸਾਂਝ ਤੋਂ ਜੋ ਕੁਝ ਬੁੱਧੀ ਰੂਪੀ ਕਾਸੇ ਵਿਚ, ਜੋ ਖੈਰਾਤ ਵਿਚ ਮਿਲਿਆ ਮੈਂ ਉਸ ਭੰਡਾਰ ਨੂੰ ਸਵਰ ਰਚਨਾ ਦੇ ਕੇ ਆਪਣੀ ਸੰਗੀਤ ਯਾਤਰਾ ਨੂੰ ਸਫਲਾਉਣ ਦਾ ਯਤਨ ਕਰ ਸਕਿਆ ਹਾਂ।" □

# ਪੰਜਾਂ, ਪਹਾੜ ਤੇ ਚਸ਼ਮਾ


## ਮਨਮੋਹਨ ਸਿੰਘ ਦਾਊਂ

280 ਫੇਜ਼ 6, ਮੁਹਾਲੀ (ਰੋਪੜ)


ਨਦਰੀ ਪੈਂਡਿਆਂ 'ਤੇ
ਨੂਰ ਵੰਡਦੇ ਹੋਏ
ਜਦੋਂ ਉਹ ਦੋਵੇਂ-
ਹਸਨ-ਅਬਦਾਲ ਦੀ ਧਰਤ 'ਤੇ ਪੁੱਜੇ
ਤਾਂ ਗੁਰੂ ਦਾ ਯਾਰ
ਥੱਕ-ਟੁੱਟਾ, ਭੁੱਖਾ, ਤ੍ਰਿਹਾਇਆ ਸੀ।

ਸਫ਼ਰ ਲੰਮਾ ਸੀ
ਗੁਰੂ ਦੇ ਸੰਦੇਸ਼ ਲਈ ਧਰਤ ਵੱਡੀ ਸੀ।
ਗੁਰੂ ਨੇ ਖੰਡ-ਬ੍ਰਹਿਮੰਡ
ਅਜੇ ਲਗਾਉਣੇ ਸਨ ਬਾਕੀ।

ਗੁਰੂ ਨੂੰ ਯਾਰ ਮਰਦਾਨਾ ਕਹਿਣ ਲੱਗਾ
ਤ੍ਰੇਹ ਲੱਗੀ ਹੈ-
ਪਾਣੀ ਦਾ ਘੁੱਟ ਤਾਂ ਪਿਆਓ,
ਰਬਾਬ 'ਚੋਂ ਤਰਜ਼ਾਂ ਕਿਵੇਂ ਉੱਠਣ
ਬੁੱਲ ਸੁੱਕੇ ਨੇ
ਤਨ ਨਿਢਾਲ ਹੋ ਗਿਆ ਤੁਰਦਾ।

ਗੁਰਾਂ ਪਹਾੜ ਨੂੰ ਤੱਕਿਆ
ਅੰਬਰ ਨੂੰ ਝਾਤ ਆਖੀ
ਚੌਗਿਰਦਾ ਚੁੱਪ ਸੀ ਸਾਰਾ
ਕਿਤੇ ਵੀ ਨੀਰ
ਨਜ਼ਰ ਨਹੀਂ ਸੀ ਆਉਂਦਾ।

ਮਰਦਾਨਿਆ, ਉਤਾਂਹ ਪਹਾੜੀ 'ਤੇ
ਲੱਭ ਲੈ ਪਾਣੀ-
ਕਿਤੇ ਤਾਂ ਮਿਲ ਹੀ ਜਾਊਗਾ ਤੈਨੂੰ।

ਮਰਦਾਨਾ ਪਹਾੜੀ 'ਤੇ ਚੜ੍ਹ ਗਿਆ ਹਫਦਾ
ਤ੍ਰਿਹਾਏ ਬੁੱਲ ਹੋਰ ਵੀ ਗਏ ਪਿਆਸੇ।
ਇਕ ਖੂਹ ਨਜ਼ਰ ਆਇਆ-
ਤਾਂ ਮਰਦਾਨੇ ਦਾ ਮਨ ਖਿੜ-ਖਿੜਾਇਆ।

ਵਲੀ ਜੀ-,
ਪਾਣੀ ਪੀਣ ਦੀ ਆਗਿਆ ਦੇਵੋ
ਤ੍ਰੇਹ ਨੇ ਹਾਲ ਬੁਰਾ ਕੀਤਾ ਹੈ।
ਨਹੀਂ, ਨਹੀਂ-
ਇਹ ਪਾਣੀ ਮੇਰਾ ਹੈ
ਮੈਂ ਇਸ ਦਾ ਮਾਲਕ ਹਾਂ
ਇਸ 'ਚੋਂ ਘੁੱਟ ਵੀ ਨਹੀਂ ਮਿਲ ਸਕਦਾ ਤੈਨੂੰ।

ਖੂਹ ਦਾ ਸੁੱਤਾ ਨੀਰ ਥਰ-ਥਰਾਇਆ
ਪਰ ਖ਼ਾਮੋਸ਼ ਹੋ ਗਿਆ ਸੁਣ ਕੇ।

ਮਰਦਾਨਾ ਪਰਤ ਆਇਆ
ਗੁਰੂ ਅੱਗੇ ਉਵੇਂ ਹੀ ਤ੍ਰਿਹਾਇਆ।
ਗੁਰੂ ਨੇ ਮੁੜ ਮਰਦਾਨਾ ਭੇਜਿਆ ਵਾਪਸ
ਵਲੀ ਕੰਧਾਰ ਨੇ ਪਾਣੀ ਦੀ ਤਿੱਪ ਨਾ ਦਿੱਤੀ ਉਸ ਨੂੰ।
ਮੁੜ ਮਰਦਾਨਾ ਗੁਰੂ ਕੋਲ
ਆ ਤਿਲਮਲਾਇਆ।

ਤੀਜੀ ਵਾਰ ਵੀ ਤ੍ਰੇਹ ਨੂੰ
ਪਾਣੀ ਨਸੀਬ ਨਾ ਹੋਇਆ।

ਵਲੀ, ਮਰਦਾਨੇ ਨੂੰ
ਹਉਮੈਂ 'ਚ ਬੱਦਲ ਵਾਂਗੂ ਗਰਜਿਆ ਉੱਠ ਕੇ
ਜਾ, ਆਪਣੇ ਪੀਰ ਤੋਂ ਹੀ
ਪਾਣੀ ਮੰਗ ਲੈ ਜਾ ਕੇ,
ਮੇਰਾ ਪਾਣੀ, ਅਪਵਿੱਤਰ ਨਾ ਕਰ ਦੇਵੀਂ।

ਉਦਾਸਿਆ ਮਰਦਾਨਾ
ਗੁਰੂ ਅੱਗੇ ਚੁੱਪ ਬੈਠਾ ਸੀ,
ਜੋ ਬੀਤਿਆ, ਗੁਰੂ ਨੂੰ ਕਹਿ ਦਿੱਤਾ ਸੀ।

ਗੁਰੂ ਦੇ ਕੀਰਤੀ ਹੱਥਾਂ ਨੇ ਸਿਲ ਚੁੱਕੀ
ਜਲ ਦੀ ਬੂੰਭ ਫੁੱਟੀ
ਆਹ ਲੈ, ਮਰਦਾਨਿਆ
ਪਾਣੀ ਦੀ ਬੁੱਕ ਭਰ ਪੀ ਲੈ।
ਹੈਂ ਇਹ ਕੀ

ਮਰਦਾਨਾ ਅੰਦਰੋਂ-ਬਾਹਰੋਂ ਤ੍ਰਿਪਤ ਹੋਇਆ
ਗੁਰੂ ਦਾ ਜਸ ਗਾਉਣ ਲੱਗਾ।

ਤ੍ਰੇਹ ਬੁਝ ਗਈ ਪੂਰੀ
ਸੀਤਲ ਆਤਮਾ ਹੋਈ।
ਵਲੀ ਨੇ ਤੱਕਿਆ ਉੱਠ ਕੇ
ਪਾਣੀ ਵਹਿਣ ਲੱਗਿਆ ਥੱਲੇ,
ਹੈਂ! ਇਹ ਕੌਣ ਮੇਰਾ ਪਾਣੀ
ਚੁਰਾਣ ਲੱਗਿਆ ਹੈ,
ਵਲੀ ਕੰਧਾਰੀ ਕ੍ਰੋਧ ਵਿੱਚ ਆਇਆ।
ਹੰਕਾਰ ਚੜ੍ਹ ਗਿਆ ਅੰਬਰੀਂ,
ਮੇਰੇ ਸਾਹਵੇਂ ਹੈ ਕੌਣ ਖੜ੍ਹ ਸਕਦਾ।
ਗੁੱਸੇ 'ਚ ਪੱਥਰ ਰੋੜ ਦਿੱਤਾ ਉਸ
ਕੁਚਲਣ ਲਈ ਨੂਰੀ ਨਾਨਕ ਨੂੰ।

ਬਾਬਾ, ਔਹ ਵੇਖ ਬਾਬਾ-
ਪਹਾੜ ਡਿੱਗਣ ਲੱਗਾ ਹੈ
ਮਰਦਾਨਾ ਕੂਕਿਆ ਤੇ ਘਬਰਾਇਆ।

ਸ਼ਬਦ ਦੀ ਸ਼ਕਤੀ ਅਗੰਮੀ ਨੇ
ਸੱਚ ਦੀ ਪੱਕੀ ਥੰਮ੍ਹੀ ਨੇ
ਪੱਥਰ ਨੂੰ ਪੰਜਾ ਲਾ ਦਿੱਤਾ
ਤੇ ਡਿਗਦਾ ਪੱਥਰ ਰੁੱਕ ਗਿਆ ਆਖਿਰ।

-----------------------

ਗੁਰੂ ਦੀ ਜੈ ਹੋਈ।
ਹਉਮੈ ਗਈ ਮੋਈ।

-----------------------

ਕਰਿਸ਼ਮਾ ਵੇਖ ਕੇ ਅੱਖੀਂ
ਵਲੀ ਪੈ ਗਿਆ ਸੋਚੀਂ।

-----------------------

ਗੁਰੂ ਦੀ ਰਹਿਮਤ ਇੰਜ ਬੋਲੀ:
ਹਵਾ, ਪਾਣੀ, ਧਰਤ, ਅੰਬਰ ਤੇ ਸੂਰਜ
ਸਗਲ ਦੇ ਸਾਂਝੇ,
ਇਹ ਕਿਸੇ ਦੀ ਵਲਗਣ 'ਚ ਨਹੀਂ ਆਉਂਦੇ
ਨਾ ਕੋਈ ਕੈਦ ਕਰ ਸਕਦਾ ਹੈ,
ਇਹ ਦਾਤਾਂ ਰੱਬ ਦੀਆਂ ਵਰੋਸਾਈਆਂ।
ਪੰਜੇ 'ਚੋਂ ਕਿਰਨਾਂ ਉਗਮੀਆਂ ਹੱਸ ਕੇ
ਤੇ ਰਬਾਬ ਟੁਣਕ ਕੇ ਗੂੰਜੀ:
ਵਲੀ ਜੀ
ਕਾਮ, ਕ੍ਰੋਧ, ਲੋਭ ਤਿਆਗਣਾ ਚੰਗਾ
ਮੋਹ ਤੇ ਹੰਕਾਰ ਗਾਲਦੇ ਕਾਇਆ।
'ਉਹ' ਦਾਤਾਂ ਦੇਣ ਵਾਲਾ ਹੈ
ਸਾਰੀ ਲੋਕਾਈ 'ਉਸ ਦੀ ਜਾਈ ਹੈ,

ਹੰਕਾਰ ਟੁੱਟ ਗਿਆ ਆਖ਼ਿਰ
ਸੁਣ ਕੇ ਸ਼ਬਦ ਦੀ ਮਹਿਮਾ।
ਇਹ ਰੱਬ ਦਾ ਨੂਰ ਹੈ ਕੋਈ
ਜੋ ਬਖਸ਼ਣ ਮੈਨੂੰ ਆਇਆ ਹੈ
ਵਲੀ ਦੀ ਆਤਮਾ ਬੋਲੀ।

ਜੋ ਸਿਲ ਨੂੰ ਪਾਣੀ 'ਚ ਬਦਲ ਸਕਦਾ ਹੈ,
ਧੰਨ ਤੇਰੀ ਕਮਾਈ ਹੈ।
ਉਹ ਚਰਨੀਂ ਢਹਿ ਪਿਆ ਸਗਵਾਂ
ਗੁਰੂ ਨਾਨਕ ਪਿਆਰੇ ਦੇ

ਪੰਜਾਂ, ਪਹਾੜ ਤੇ ਚਸ਼ਮਾ
ਹੁਣ ਨੂਰੋ-ਨੂਰ ਦਿਸਦੇ ਸਨ।

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# ਕੀਰਤਨ


## ਬਹਾਦਰ ਸਿੰਘ ਸੇਠੀ

369, ਪ੍ਰਧਾਨ ਮਾਰਗ, ਨਿਰੰਕਾਰੀ ਕਲੋਨੀ, ਨਵੀਂ ਦਿੱਲੀ 110 009


ਕੀਰਤਨ ਇੱਕ ਉਹ ਸਦਾ ਬਹਾਰ ਫੁਲਵਾੜੀ ਹੈ ਜਿਸ ਵਿਚੋਂ ਜੀਵਨ ਦਾ ਤੱਤ ਤੇ ਜੀਵਨ ਜਾਂਚ ਦੀ ਮਹਿਕ ਮਿਲਦੀ ਹੈ। ਇਲਾਹੀ ਬਾਣੀ, ਅਨਹਦ ਬਾਣੀ ਅੰਮ੍ਰਿਤਬਾਣੀ, ਸੱਚੀ ਬਾਣੀ, ਗੁਰਬਾਣੀ ਦੇ ਰੂਪ ਹਨ। ਅਨਹਤ ਸ਼ਬਦ ਵਿਚ ਇੱਕ ਐਸੀ ਪਧਤੀ ਅਤੇ ਇਕ ਐਸੀ ਚਮਕ ਹੈ ਜਿਸ ਦੀ ਤੁਲਨਾ ਦੁਨੀਆਂ ਦੀ ਕੋਈ ਵਸਤੂ ਜਾਂ ਕੋਈ ਸੰਕਲਪ ਨਹੀਂ ਕਰ ਸਕਦਾ। ਸੰਗੀਤ ਦੀਆਂ ਸੁਰਾਂ ਵਿਚ ਪਰੋ ਕੇ ਜਦੋਂ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਇਹ ਸਿੱਧੀ ਦਿਲ ਦਿਮਾਗ ਦੇ ਉਨ੍ਹਾਂ ਝਰੋਕਿਆਂ ਵਿੱਚ ਪ੍ਰਵੇਸ਼ ਕਰਦੀ ਹੈ ਜਿਸ ਤੋਂ ਸਾਨੂੰ ਅਟੁਟ ਮਸਤੀ ਪ੍ਰਾਪਤ ਹੁੰਦੀ ਹੈ। ਗੁਰੂ ਚਰਨਾਂ ਰਾਹੀਂ ਅਕਾਲ ਪੁਰਖ ਦੀ ਜੋਤਿ ਵਿਚ ਧਿਆਨ ਚੜ੍ਹ ਜਾਂਦਾ ਹੈ, ਵੈਰਾਗ ਉਤਪਨ ਹੁੰਦਾ ਹੈ ਜਿਸ ਤੋਂ ਬਿਰਹਾ ਜਨਮ ਲੈਂਦਾ ਹੈ। ਇਹੀ ਤੜਪ ਹੈ, ਇਹੀ ਭੁਖ ਪਿਆਸ ਹੈ ਜੋ ਸਾਨੂੰ ਅਕਾਲ ਪੁਰਖ ਨਾਲ ਜੋੜਦੀ ਹੈ। ਆਤਮਾ ਪਰਮਾਤਮਾ ਦੀ ਇੱਕ ਵਿਛੜੀ ਹੋਈ ਕਿਰਨ ਹੈ। ਇਸ ਕਿਰਨ ਦੀ ਮੰਜਲ ਸੱਚ ਖੰਡ ਦੇ ਨੂਰ ਵਿਚ ਸਮਾ ਜਾਣਾ ਹੈ। ਜਿਵੇਂ ਮਹਾਸਾਗਰ ਤੋਂ ਉਡਦਾ ਪਾਣੀ ਮੁੜ ਮਹਾਸਾਗਰ ਵਿਚ ਜਾ ਮਿਲਦਾ ਹੈ। ਗੁਰਬਾਣੀ ਦਾ ਕੀਰਤਨ ਅਡੋਲ ਅਵਸਥਾ ਵਿਚ ਕੀਤਾ ਜਾਂਦਾ ਹੈ ਅਤੇ ਸੁਣਨ ਕਰਨ ਵਾਲੇ ਅਡੋਲ ਅਵਸਥਾ ਭਾਵ ਸਮਾਧੀ ਵਿਚ ਜੁੜ ਜਾਂਦੇ ਹਨ।

ਗੁਰਬਾਣੀ ਦੇ ਕੀਰਤਨ ਵਿੱਚ ਇੱਕ ਅਦੁੱਤੀ ਖਿੱਚ ਹੈ। ਸਾਡੀ ਸੁਰਤ ਕਈ ਆਕਾਸ਼ਾਂ ਨੂੰ ਚੀਰਦੀ ਹੋਈ ਇਕ ਅਗੰਮੀ ਸਥਾਨ ਤੱਕ ਪਹੁੰਚਦੀ ਹੈ ਜਿਸ ਨੂੰ ਸਚਖੰਡ ਕਹਿੰਦੇ ਹਨ। ਉਥੇ ਹੀ ਨਿਰੰਕਾਰ ਦਾ ਵਾਸਾ ਹੈ, ਪ੍ਰਤੱਖ ਰੂਪ ਵਿਚ ਕਾਫੀ ਸਮਾਂ ਪਹਿਲੇ ਇੱਕ ਪੰਡਤ ਅਲਵਰ ਤੋਂ ਦਿੱਲੀ ਰੇਡੀਓ ਖਰੀਦਨ ਆਇਆ ਸੀ। ਰਾਤ ਨੂੰ ਵਿਸ਼ਰਾਮ ਤੋਂ ਪਹਿਲਾਂ ਇਕ ਸੰਗਤ ਵਿਚ ਬੈਠ ਗਿਆ ਜਿੱਥੇ ਕੀਰਤਨ ਹੋ ਰਿਹਾ ਸੀ। ਸਵੇਰ ਸਾਰ ਦੁਕਾਨ ਤੇ ਆਇਆ ਦਾਸ ਪਾਠ ਕਰ ਰਿਹਾ ਸੀ। ਮੈਂ ਇਸ਼ਾਰਾ ਕੀਤਾ ਕਿ ਥੋੜੀ ਦੇਰ ਬੈਠ ਜਾਓ। ਪੁਛਣ ਲੱਗਾ ਸਰਦਾਰ ਜੀ। ਤੁਸੀਂ ਕੀ ਪੜ੍ਹ ਰਹੇ ਸੀ। ਦਾਸ ਨੇ ਉੱਤਰ ਦਿੱਤਾ ਕਿ ਪਾਠ ਪੂਜਾ ਹੈ ਜੋ ਇੱਕ ਗੁਰਸਿੱਖ ਇਸ਼ਨਾਨ ਕਰਕੇ ਕਰਦਾ ਹੈ, ਫਿਰ ਹੀ ਕਿਸੇ ਕੰਮਕਾਰ ਵਿਚ ਹਿੱਸਾ ਲੈਂਦਾ ਹੈ। ਉਸ ਨੇ ਆਪਣਾ ਜ਼ਿਕਰ ਕੀਤਾ ਕਿ ਮੈਂ ਪਹਿਲੀ ਵਾਰ ਦਿੱਲੀ ਆਇਆ ਹਾਂ। ਇਕ ਸਭਾ ਵਿਚ ਬੈਠ ਗਿਆ ਜਿੱਥੇ ਕੁਝ ਆਪ ਵਰਗੇ ਕੁਝ ਸਾਡੇ ਵਰਗੇ ਬੈਠੇ ਸਨ। ਮੈਂ ਕੀਰਤਨ ਸਰਵਣ ਕਰ ਰਿਹਾ ਸੀ, ਮੈਨੂੰ ਸਭ ਸਮਝ ਆ ਰਿਹਾ ਸੀ ਪਰ ਇਹ ਪਤਾ ਨਹੀਂ ਸੀ ਕਿ ਇਹ ਭਜਨ ਕਿੱਥੋਂ ਪੜ੍ਹ ਰਹੇ ਹਨ। ਮੈਂ ਇਤਨਾ ਪ੍ਰਭਾਵਿਤ ਹੋਇਆ ਕਿ ਮੇਰੀਆਂ ਅੱਖਾਂ ਵਿਚੋਂ ਆਂਸੂ ਟਪਕ ਰਹੇ ਸੀ। ਦਾਸ ਨੇ ਉਸ ਨੂੰ ਦੱਸਿਆ ਕਿ ਇਹ ਗੁਰਬਾਣੀ ਦਾ ਕੀਰਤਨ ਹੋ ਰਿਹਾ ਸੀ। ਦਾਸ ਦੇ ਕਥਨ ਦਾ ਭਾਵ ਇਹ ਹੈ ਕਿ ਗੁਰਬਾਣੀ ਇੱਕ ਅੰਜਾਣ ਵਿਅਕਤੀ ਦੇ ਦਿਲ ਦਿਮਾਗ ਤੇ ਵੀ ਅਸਰ ਕਰਦੀ ਹੈ ਜੇਕਰ ਉਸ ਦੇ ਜੀਵਨ ਵਿਚ ਸਚ ਦੀ ਲਗਨ ਹੋਵੇ।

ਸੰਤ ਹਰਨਾਮ ਸਿੰਘ ਜੀ ਦੇਸ਼ ਦੀ ਵੰਡ ਤੋਂ ਪਹਿਲਾਂ, ਸਰਗੋਧੇ ਜ਼ਿਲ੍ਹੇ ਦੇ ਕਈ ਅਸਥਾਨਾਂ ਤੇ ਕੀਰਤਨ ਕਰਦੇ ਸੀ। ਸੰਗਤ ਮੁਗਧ ਹੋ ਜਾਂਦੀ ਸੀ। ਉਹ ਪਰਉਪਕਾਰੀ ਸਨ ਅਤੇ ਮਾਇਆ ਮੋਹ ਤੋਂ ਮੁਕਤ ਸਨ। ਇੱਕ ਵਾਰ ਇੱਕ ਗੁਰਸਿਖ ਨੇ ਬੇਨਤੀ ਕੀਤੀ ਕਿ ਇੱਥੇ ਬੀਬੀਆਂ ਲਈ ਇੱਕ ਸਕੂਲ ਹੋਣਾ ਚਾਹੀਦਾ ਹੈ। ਕੀਰਤਨ ਦੀ ਸਮਾਪਤੀ ਹੋ ਚੁੱਕੀ ਸੀ, ਸੰਤ ਜੀ ਨੇ ਇਸ ਕਾਰਜ ਨੂੰ ਉਚਿਤ ਸਮਝ ਕੇ ਸੰਗਤ ਪਾਸ ਬੇਨਤੀ ਕੀਤੀ ਕਿ ਆਪ ਇਸ ਕਾਰਜ ਲਈ ਆਪਣੀ ਮਾਇਆ ਸਫਲੀ ਕਰ ਸਕਦੇ ਹੋ। ਲਗਭਗ ਦਸ ਹਜ਼ਾਰ ਰੁਪਏ ਦਾ ਖਰਚ ਸੀ। ਸੰਗਤ ਨੇ ਪੰਜ ਹਜ਼ਾਰ ਉਸੇ ਸਮੇਂ ਅਰਪਨ ਕਰ ਦਿੱਤਾ ਅਤੇ ਬਾਕੀ ਰਕਮ ਲਈ ਚਾਰ ਪੰਜ ਦਿਨਾਂ ਦੀ ਮੁਹਲਤ ਮੰਗ ਲਈ। ਇਸ ਤਰ੍ਹਾਂ ਸੰਤਾਂ ਦੇ ਇੱਕ ਬਚਨ ਨਾਲ ਇਹੋ ਜਿਹੇ ਕਾਰਜ ਹੋ ਜਾਂਦੇ ਸੀ। ਇਹ ਸੀ ਕੀਰਤਨ ਦੀ ਬਰਕਤ ਜੋ ਸੰਤ ਜੀ ਦੀ ਰਸਨਾ ਤੋਂ ਝੜਦੀ ਸੀ ਭਾਵ ਅੰਮ੍ਰਿਤ ਵਰਖਾ ਹੁੰਦੀ ਸੀ।

ਬਰੇਲੀ ਸ਼ਹਿਰ ਵਿੱਚ ਇੱਕ ਸਰਦਾਰ ਜੀ ਏਅਰ ਫੋਰਸ ਵਿੱਚ ਕੰਮ ਕਰਦੇ ਸੀ। ਦਾਸ ਉਨ੍ਹਾਂ ਦੇ ਗੁਆਂਢ ਰਹਿੰਦਾ

ਸੀ। ਐਤਵਾਰ ਇੱਕ ਦਿਨ ਜਾਣ ਲੱਗੇ ਤਾਂ ਦਾਸ ਨੇ ਪੁੱਛ ਲਿਆ ਕਿ ਕਿੱਧਰ ਜਾ ਰਹੇ ਹੋ। ਪਤਾ ਲੱਗਾ ਕਿ ਉਹ ਕੀਰਤਨ ਦੀ ਡਿਊਟੀ ਵੀ ਦਿੰਦੇ ਸਨ ਅਤੇ ਕਰੀਬਨ ਹਰ ਐਤਵਾਰ ਉਨ੍ਹਾਂ ਦਾ ਕਿਧਰੇ ਨਾ ਕਿਧਰੇ ਪ੍ਰੋਗਰਾਮ ਹੁੰਦਾ ਸੀ। ਦੂਸਰੇ ਐਤਵਾਰ ਦਾਸ ਵੀ ਉਨ੍ਹਾਂ ਨਾਲ ਦੀਵਾਨ ਵਿੱਚ, ਜੋ ਸ਼ਾਦੀ ਵਿਆਹ ਜਾਂ ਹੋਰ ਕਾਰਜ ਫੌਜੀ ਅਫ਼ਸਰਾਂ ਦੇ ਗ੍ਰਿਹ ਵਿਖੇ ਹੁੰਦੇ ਸਨ, ਪਹੁੰਚਿਆ। ਲਗਭਗ ਡੇਢ ਘੰਟਾ ਸਰਦਾਰ ਜੀ ਨੇ ਕੀਰਤਨ ਕੀਤਾ। ਨਿਰੋਲ ਗੁਰਬਾਣੀ ਦਾ ਕੀਰਤਨ ਸੀ। ਬਿਨਾ ਕਹੇ ਸ਼ਬਦਾਂ ਦੀ ਵਿਆਖਿਆ ਸਮਝ ਆ ਰਹੀ ਸੀ। ਦਾਸ ਦੇ ਹੰਝੂ ਵਗ ਰਹੇ ਸਨ ਜੋ ਰੁਕਦੇ ਨਹੀਂ ਸਨ। ਵਾਪਸ ਆਏ ਤਾਂ ਦਾਸ ਨੇ ਪੁੱਛਿਆ ਕਿ ਤੁਹਾਡਾ ਰੋਜ਼ ਦਾ ਜੀਵਨ ਚਿਤਰ ਕੀ ਹੈ। ਸਰਦਾਰ ਜੀ ਨੇ ਦੱਸਿਆ ਕਿ ਉਹ ਅੰਮ੍ਰਿਤ ਵੇਲੇ ਸਾਢੇ ਤਿੰਨ ਵਜੇ ਉਠਦੇ ਹਨ। ਇਸ਼ਨਾਨ ਆਦਿ ਕਰਕੇ ਨਿਤਨੇਮ ਕਰਨਾ ਹੁੰਦਾ ਹੈ ਕਿਉਂਕਿ ਉਹ ਲਗਭਗ ਸਵੇਰੇ 7 ਵਜੇ ਘਰੋਂ ਚਲੇ ਜਾਂਦੇ ਹਨ। ਦਾਸ ਨੂੰ ਉਤਰ ਮਿਲ ਗਿਆ ਕਿਉਂਕਿ ਰਸਨਾ ਵਿੱਚ ਇਤਨੀ ਖਿੱਚ ਤੇ ਦਰਦ ਭਰੀ ਆਵਾਜ਼ ਕਿਸੇ ਉੱਚੇ ਤੇ ਸੁੱਚੇ ਜੀਵਨ ਵਾਲੇ ਦੀ ਹੀ ਹੋ ਸਕਦੀ ਹੈ। ਇਹ 1965-66 ਦੀ ਵਾਰਤਾ ਹੈ। ਸਰਦਾਰ ਜੀ ਦਾ ਨਾਮ ਸ਼ਾਇਦ ਸ੍ਰ. ਹਜ਼ਾਰਾ ਸਿੰਘ ਸੀ।

ਸ੍ਰੀ ਗੁਰੂ ਅਮਰਦਾਸ ਜੀ ਦੀ ਉਚਾਰਨ ਕੀਤੀ ਹੋਈ ਪਵਿੱਤਰ ਬਾਣੀ ਵਿਚ ਅਸੀਂ ਪੜ੍ਹਦੇ ਹਾਂ-

*ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ।*
*ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥* (ਅਨੰਦੁ ਸਾਹਿਬ, ਪਉੜੀ ੩੪)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਅੰਮ੍ਰਿਤ ਬਾਣੀ ਵਿਚੋਂ ਇੱਕ ਝਲਕ ਇਸ ਪ੍ਰਕਾਰ ਹੈ-

*ਸੁੰਨ ਸਮਾਧਿ ਅਨਹਤ ਤਹ ਨਾਦ। ਕਹਨੁ ਨ ਜਾਈ ਅਚਰਜ ਬਿਸਮਾਦ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ। ਨਾਨਕ ਤਿਸੁ ਜਨ ਸੋਝੀ ਪਾਏ॥* (ਸੁਖਮਨੀ ਸਾਹਿਬ, ਪਉੜੀ ੨੩)

ਗੁਰਸਿਖ ਜਦੋਂ ਵੈਰਾਗ ਵਿਚ ਲੀਨ ਹੋ ਜਾਂਦਾ ਹੈ ਤਾਂ ਸੁੰਨ ਸਮਾਧਿ ਦੀ ਅਵਸਥਾ ਵਿਚ ਪ੍ਰਵੇਸ਼ ਕਰਦਾ ਹੈ। ਉਸਨੂੰ ਅਨਹਤ ਨਾਦ ਸੁਣਾਈ ਦਿੰਦਾ ਹੈ ਅਤੇ ਅਗੰਮੀ ਨੂਰ ਦੇ ਦਰਸ਼ਨ ਵੀ ਹੋ ਸਕਦੇ ਹਨ ਜੇਕਰ ਸਚੇ ਪਾਤਸ਼ਾਹ ਦੀ ਕ੍ਰਿਪਾ ਹੋ ਜਾਵੇ। ਇਸ ਪ੍ਰਕਾਰ ਕੀਰਤਨ ਕਰਨ ਵਾਲੇ ਇਸ ਧਰਤੀ 'ਤੇ ਮਹਾਨ ਕਾਰਜ ਕਰ ਰਹੇ ਹਨ ਅਤੇ ਪ੍ਰਾਣੀ ਮਾਤ੍ਰ ਨੂੰ ਪ੍ਰਭੂ ਜੋਤਿ ਤਕ ਪਹੁੰਚਾਣ ਦਾ ਸਾਧਨ ਬਣਦੇ ਹਨ। ਦਾਸ ਉਨ੍ਹਾਂ ਦਾ ਹਾਰਦਿਕ ਸਤਿਕਾਰ ਕਰਦਾ ਹੈ। □


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇਕੋ-ਇਕ ਆਵਾਜ਼
**ਸਿੱਖ ਲੀਗ** ਪੰਦਰਵਾੜਾ
2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ
**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ
ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ : 5853955


## ਸੰਤ ਬਾਬਾ ਸੁੱਚਾ ਸਿੰਘ ਜੀ ਦਾ ਅਕਾਲ-ਚਲਾਣਾ

ਗੁਰਮਤਿ ਸੰਗੀਤ ਸੰਮੇਲਨਾਂ ਰਾਹੀਂ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਵਾਲੇ ਸੰਤ ਬਾਬਾ ਸੁੱਚਾ ਸਿੰਘ ਜੀ ਅਕਾਲ-ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਯਾਦ ਨੂੰ ਸਮਰਪਿਤ 'ਅੰਮ੍ਰਿਤ ਕੀਰਤਨ' ਦਾ ਵਿਸ਼ੇਸ਼ ਅੰਕ, ਜਨਵਰੀ 2003 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਬਾਬਾ ਜੀ ਦੇ ਸਨੇਹੀਆਂ ਨੂੰ ਬੇਨਤੀ ਹੈ ਕਿ ਉਹ ਬਾਬਾ ਜੀ ਬਾਰੇ ਲੇਖ ਜਲਦੀ ਭੇਜਣ ਦੀ ਖੇਚਲ ਕਰਨ। ਕੋਈ ਵੀ ਲੇਖ ਦੋ ਪੰਨਿਆਂ ਤੋਂ ਵੱਧ ਨਹੀਂ ਹੋਣਾ ਚਾਹੀਦਾ।


ਸੰਪਾਦਕ: ਅੰਮ੍ਰਿਤ ਕੀਰਤਨ, 422, ਸੈਕਟਰ 15 ਏ, ਚੰਡੀਗੜ੍ਹ 160 015
e-mail: drjagirsingh@rediffmail.com

# पंजाब की सांस्कृतिक विरासत ''संगीत''


## अनीता खन्ना

संगीत विभाग (वादन) ए.पी. जे. कालेज आफ फाईन आर्टस, जालन्धर


I. **पंजाब और आधुनिक पंजाबः** 'पंजाब शब्द पांचाल प्रदेश से बना है। महाभारत में पांचाल प्रदेश का उल्लेख है। यहां के राजा द्रुपद की पुत्री द्रोपदी को पांचाली भी कहा जाता है। महाभारत का सरस्वती नदी के किनारे लिखा जाना तथा कुरुक्षेत्र में ज्योतिसर नामक स्थान पर श्री कृष्ण द्वारा गीता का उपदेश दिया जाना एवं इसी महाभारत में पांचाल शब्द का उल्लेख यद्यपि बेदी जी के मत को तर्कपूर्ण बनाता है।'[1]

पंजाब प्रांत भारत का एक गौरवमयी तथा समृद्धशाली प्रांत है। प्राचीन काल से ही पंजाब का एक अलग अस्तित्त्व रहा है। पंजाब प्राचीन काल से ही संगीत कला, का प्रमुख केन्द्र रहा है। 'पंजाब' शब्द दो शब्दों को मिलाकर बना है- पंज + आब। पंज का अर्थ है 'पांच' तथा आब का अर्थ है 'जल' अर्थात् जहां पांच नदियां– *जेहलम, रावी, चिनाव, ब्यास एवं सतलुज* बहती है।

भारत के पश्चिम में पांच कल-कल करती पावन नदियों का नीर समेटे बसा 'पंजाब' में संगीत का विशाल भण्डार है। पंजाब के संगीत का सबसे बड़ा गुण इसकी सहज स्वाभाविकता, स्वच्छता एवं सरलता है। इसमें मानव के सुख-दुख का इतिहास है, स्नेह तथा करूण के विभिन्न रंग है। हरे जंगलों में जैसे पंछी उन्मुक होकर गाते हैं उसी प्रकार पंजाब का संगीत स्वाभाविक रीति से हृदय से उत्पन्न होता है।

II. **संस्कृति का अर्थः** संगीत सदैव संस्कृति का अभिन्न अंग रहा है। कला ही संस्कृति का दर्पण है और मानव संस्कृति का दर्पण है और संस्कृति ही कला की प्रेरणा।

डा. श्यामा प्रकाश जी द्वारा लिखित 'दिव्यावदान' में संस्कृति का स्वरूप में संस्कृत का व्याकरणानुसार लिखा है कि 'संस्कृति' की निष्पत्ति 'सम' उपसर्गपूर्वक 'डकृन्करणे' 'क्तिन्' प्रत्यय करने पर हुई। अतः 'सम् + कृति' सम्यक् कृतियां ही संस्कृति है। 'संस्कृति' शब्द का सम्बन्ध 'संस्कार' शब्द से माना जाता है। 'संस्कार' का अर्थ है–मलापनयन जबकि 'संस्कृति' का अर्थ है संस्कृति शुद्ध करने की क्रिया। अस्तु 'संस्कृति' एवं 'संस्कार' ये दोनों शब्द समानार्थक हैं।'[2]

ब्रिटनिका में संस्कृति 'कल्चर' की परिभाषा इस प्रकार दी है– 'व्यवहार व विश्वास का संचरन। इस प्रकार संस्कृति की परिभाषा में भाषा, विचार, विश्वास, अनुष्ठान, उत्सव तथा अन्य सम्बंधित घटक सम्मिलित किए जाते हैं तथा संस्कृति का विकास मानव की ज्ञानार्जन क्षमता पर निर्भर करता है।'[4]

भाषा शब्द कोष के अनुसार– 'संस्कृति–शुद्धि, संस्कार, सभ्यता व परिष्कार है।'[5]

संगीत द्वारा संस्कृति अपनी विशिष्ताएं अभिव्यक्त करती है। संगीत द्वारा जो अनुभूतियां, विश्वास, विचार और परम्पराएं प्रदर्शित होती हैं वे जनमानस के सामाजिक और मानसिक विकासों का अध्ययन करती है। इनमें लोक कवियों की सहज अनुभूति और उनकी साहित्य प्रतिभा का प्रदर्शन होता है। पंजाब में संस्कारों की वैदिक परम्परा तथा लोक परम्परा का पूर्ण प्रभाव है। जन्म से मृत्यु तक सभी संस्कारों संबंधी गीतों का सुंदर प्रतिबिम्ब यहां के संगीत में झलकता है।

III. **पंजाब का लोक संगीतः** संगीत हमारे देश की पुरातन परम्परा है। वैदिक काल से इसका विधिवत् विकास हुआ। हमारे कृषि प्रधान देश अर्थात् पंजाब की उपजाऊ धरती पर लहराते हुए पौधों को देख कर देशवासियों के कण्ठ से गान फूट निकले। इतने बड़े देश में भाषा चाहे भिन्न हो परंतु संगीत की आत्मा एक है।

पंजाब की कलात्मक और सांस्कृतिक विरासत है–'लोकसंगीत'। पंजाब लोकगीतों का भण्डार है जिसमें पंजाब की आत्मा बोलती है। पंजाब के लोक गीतों में जन्म से मरण तक, दुख-सुख, दिन त्यौहार, ऋतुओं का वर्णन होता है। पंजाबी लोक गीतों की इस विशाल भावना को मुख्य रख कर ही प्रायः कहा जाता है कि पंजाबवासी गीतों में ही जन्म लेता है, लोरियों, टप्पों, किकलियों में पलता है तथा घोड़ियों, सिठनियों, छन्द तथा गिद्दों में ब्याहा जाता है। इस का अन्तिम संस्कार भी अलाहणियों तथा कीरणों के रूप में लोक-गीतों द्वारा ही होता है। विवाह, बेटी की विदाई, पति प्रवास, भाई का प्यार, मां की ममता, सास-बहु की ईर्ष्या इत्यादि भावनाएं लोक गीतों में अधिक मिलती है। प्रत्येक अवसर पर गाए जाने वाले लोक-गीत निम्न श्रेणी में बांट सकते हैं :–

**(i) संस्कारों के गीत–** संस्कार सम्बन्धी गीतों में मनुष्य के जन्म से लेकर मृत्यु तक की घटनाओं का वर्णन होता है। जैसे पुत्र जन्म के समय :–

*हरिया नी माएं, हरिया नी मैंने ; हरिया ते भागी भरिया।*

*जित दिहाड़े मेरा हरिया नी जम्मिया; सोईए दिहाड़े भागी भरिया।* [6]

***मंगनी के गीत–*** जो गीत शादी-विवाह तथा अन्य संस्कारों व रीति-रिवाजों के अवसर पर गाए वे भी 'संस्कारों के गीत' कहे जाते हैं। इन में मंगनी, घोड़ी, सुहाग, सिठनियां, डोली कंगन खिलाने इत्यादि के गीत शामिल हैं।

***माए नी मेरा अज मुकलावा तोर दे***

*सुहाग के गीत–* पंजाब में शादी विवाह से कुछ दिन पहले लड़की वालों के घर गाए जाने वाले गीतों को 'सुहाग' कहते हैं।

*साडा चिड़ियां दा चंबा वे; बाबल असां उड जाना*

यह गीत दीपचन्दी ताल में निबद्ध है। इस में खमाज घाट के भिन्न–भिन्न रागों के रूपों की झलक दिखाई पड़ती है। [7]

**(ii) नित्य प्रति गाए जाने वाले गीत–** पंजाब के लोक गीतों से लोगों का बेहद लगाव है। लोग अपने रोजमर्रा काम करते हुए भी कुछ न कुछ गुनगुनाते रहते हैं। ऐसे गीतों की श्रेणी में ढोला, जिन्दुआ, टप्पा, छल्ला का विशेष स्थान है। ब्याह शादी के अवसर पर टप्पा ढोलक के साथ गाती है:–

***दो पत्तर अनारा दे अंगे माही नित मिलदा हुन मिलदा तरीकां ते***

**(iii) ऋतुओं तथा त्यौहारों के गीत–** पंजाब के ऋतुओं सम्बन्धी गीतों में छः माहे, बारा माहे व इसके अतिरिक्त हर ऋतु के सम्बन्ध में अलग-अलग वर्णन मिलता है। वर्षा ऋतु, बसन्त ऋतु, सावन के महीने के आगमन पर गीत के बोल इस प्रकार हैं:–

*आवे माही रब्ब सावन लाइया; दर दर होइया चिक्कां*

**(iv) आभूषणों के गीत–** पंजाब की महिलाएं नित्यप्रति प्रयोग किए जाने वाली वस्तुओं जैसे–मुंदरी, चूड़ा, छल्ला इत्यादि को सम्बोधन कर के अपने मन की बात कहती है। मुन्दरी का गीत राग तोड़ी, ताल कहरवा में इस प्रकार है:–

*मुंदरी मेरी पई सरहाणे, माहिया साडी सार न जाणे*

राग तोड़ी तथा ताल कहरवा में निबद्ध यह रचना पाई जाती है। [8]

(v) परिवारिक सम्बन्धित गीत– पंजाब के पारिवारिक जीवन में सास-बहु, देवर-भाभी, भाई-बहिन, पति-पत्नी के आपसी सम्बन्धों के बारे अनेक लोक गीत प्रचलित हैं। सास-बहु का झगड़ा जैसे:–

*असां नहीं रहिना तेरी मां दे नाल;बन लै गठरी, तुर पै नाल*

(vi) मृत्यु सम्बन्धी गीत– इसे पंजाब में 'वैण' कहते हैं। इस में गांव की स्त्रियां मृत्यु हुए व्यक्ति के परिवार को सांत्वना देने के लिए 'वैण' गाती है। जैसे:–

*ऐत्थे रह नईं जाना नी, ऐह है चार दिनां दी जिंदड़ी*

अतः पंजाब के लोग गीतों से पता चलता है कि यह मानव जीवन के विभिन्न पहलूओं का दर्पण है। इस में लोक मानस के जीवन का प्रतिबिम्ब रहता है और पंजाब का लोक संगीत हर तरह से यहां की सांस्कृतिक परम्पराओं से जुड़ा हुआ है।

IV. लोक गाथाओं पर आधारित गीतः पंजाब की प्रमुख लोक गाथाएं प्रेम गाथाएं हैं और यह इस प्रकार हैं :- हीर-रांझा, मिर्जा-साहिबा, सोहनी-महिवाल, सस्सी-पुन्नू इत्यादि।

*हीर-रांझा*- हीर-रांझा का किस्सा काफी प्रसिद्ध है। पंजाब में हीर-रांझा की कहानी इतनी प्रचलित हुई कि लोक गीत बने। यह धुन साज और ताल के बिना गाई जाती है। कई बार साज सहायक रूप में प्रयोग कर लिए जाते हैं। राग भैरवी में हीर पर गाई जाती है।

*मिरजा साहिबा*- मिरजा साहिबा की कहानी मिन्टगुमरी और सारे पंजाब में बहुत प्रसिद्ध है। "मिरजा" गायन शैली जोश से भरपूर रचना है। इस गायन शैली के लिए विशेष ताल जिसे "मिरजा ताल" कहा जाता है प्रयोग की जाती है। इस में पहले दो विभाग तीन-तीन मात्रा के और पिछले दो विभाग चार-चार मात्रा के हैं। मिरजा इस प्रकार है :-

***चड़दे मिरजे खान नूं वंजल दें दा मत; मठ रनां दी दोस्ती खुरी जिनां दी मत***

***सस्सी-पुन्नू***- सस्सी-पुन्नू के इस लोग गीत में सोई सस्सी को छोड़ कर पुन्नू को उस के भाई ले गए थे जो उसे नींद खुलने पर पता चलाः-

*हाय वे पुन्नू जालमां, दिल देया मेहरवा*

*सुती नूं छड जावी वे, वैरिया पुन्नू जालमां*

इन लोक कथाओं में पंजाब की लोक-संस्कृति की जीती-जागती छवि दिखाई पड़ती है।

